TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਬੁੱਧਵਾਰ, 10 ਸਤੰਬਰ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 17 ਅੰਕ: 20 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਨੇਪਾਲ ਦੇ ਪ੍ਰਧਾਨ ਮੰਤਰੀ ਵੱਲੋਂ ਅਸਤੀਫਾ

ਕਾਠਮੰਡੂ (ਲੋਕ ਬਾਣੀ)-ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਨੇਪਾਲ ਵਿਚ ਸਿਆਸੀ ਸੰਕਟ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਨੇਪਾਲ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਤੇ ਸੋਸ਼ਲ ਮੀਡੀਆ ਐਪਲੀਕੇਸ਼ਨ 'ਤੇ ਪਾਬੰਦੀ ਤੋਂ ਬਾਅਦ ਦੇਸ਼ ਭਰ ਵਿਚ ਪ੍ਰਦਰਸ਼ਨ ਹੋ ਰਹੇ ਹਨ ਤੇ ਅੱਜ ਵੱਡੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਸੰਸਦ ਭਵਨ ਵਿਚ ਦਾਖਲ ਹੋ ਗਏ। ਇਸ ਤੋਂ ਪਹਿਲਾਂ ਨੇਪਾਲ ਦੇ ਫੌਜ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਇਹ ਕਹਿੰਦਿਆਂ ਅਸਤੀਫਾ ਦੇਣ ਲਈ ਕਿਹਾ ਸੀ ਕਿ ਅਸਤੀਫਾ ਦੇਣ ਨਾਲ ਹਾਲਾਤ ਸੁਧਰ ਸਕਦੇ ਹਨ। ਇਸ ਤੋਂ ਪਹਿਲਾਂ ਓਲੀ ਸਰਕਾਰ ਦੇ ਤਿੰਨ ਮੰਤਰੀਆਂ ਨੇ ਵੀ ਅਸਤੀਫਾ ਦਿੱਤਾ ਸੀ ਤੇ ਵਿਰੋਧੀ ਪਾਰਟੀਆਂ ਵਲੋਂ ਪ੍ਰਧਾਨ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀ ਨੇਪਾਲ ਦੀ ਸੰਸਦ ਵਿਚ ਦਾਖਲ ਹੋ ਗਏ ਅਤੇ ਅੱਗ ਲਾ ਦਿੱਤੀ। ਸਾਹਮਣੇ ਆਈਆਂ ਤਸਵੀਰਾਂ ਵਿੱਚ ਨੇਪਾਲੀ ਸੰਸਦ ਚੋਂ ਧੂੰਏ ਦੇ ਕਾਲੇ ਬੱਦਲ ਦਿਖਾਈ ਦੇ ਰਹੇ ਹਨ।

# ਪ੍ਰਧਾਨ ਮੰਤਰੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਨਿਰੀਖਣ ਕੀਤਾ

### ਪ੍ਰਧਾਨ ਮੰਤਰੀ ਨੇ ਗੁਰਦਾਸਪੁਰ ਵਿੱਚ ਮੀਟਿੰਗ ਦੌਰਾਨ ਸਮੀਖਿਆ ਕੀਤੀ ਅਤੇ ਨੁਕਸਾਨ ਦਾ ਮੁਲਾਂਕਣ ਕੀਤਾ

ਗੁਰਦਾਸਪੁਰ ( ਜਸਵਿੰਦਰ ਸਿੰਘ )- ਪ੍ਰਧਾਨ ਮੰਤਰੀ ਨੇ ਸੂਬੇ ਦੇ ਖਾਤੇ ਵਿੱਚ ਪਹਿਲਾਂ ਹੀ ਮੌਜੂਦ 12,000 ਕਰੋੜ ਰੁਪਏ ਤੋਂ ਇਲਾਵਾ ਪੰਜਾਬ ਲਈ ਹੋਰ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਮ੍ਰਿਤਕਾਂ ਦੇ ਨੇੜਲੇ ਸਬੰਧੀਆਂ ਲਈ 2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਕੀਤਾ ਪ੍ਰਧਾਨ ਮੰਤਰੀ ਨੇ ਹਾਲ ਹੀ ਵਿੱਚ ਆਏ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਅਨਾਥ ਹੋਏ ਬੱਚਿਆਂ ਲਈ ਪੀਐੱਮ ਕੇਅਰਸ ਫਾਰ ਚਿਲਡ ?ਰਨ ਸਕੀਮ ਤਹਿਤ ਵਿਆਪਕ ਸਹਾਇਤਾ ਦਾ ਐਲਾਨ ਕੀਤਾ ਪ੍ਰਧਾਨ ਮੰਤਰੀ ਨੇ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਸੰਵੇਦਨਾ ਪ੍ਰਗਟ ਕੀਤੀ ਪ੍ਰਧਾਨ ਮੰਤਰੀ ਐੱਨਡੀਆਰਐੱਫ, ਐੱਸਡੀਆਰਐੱਫ ਅਤੇ ਆਪਦਾ ਮਿਤ੍ਰ ਵਲੰਟੀਅਰਾਂ ਦੇ ਕਰਮਚਾਰੀਆਂ ਨੂੰ ਵੀ ਮਿਲੇ



ਅਤੇ ਉਨ੍ਹਾਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਕੇਂਦਰ ਸਰਕਾਰ ਪ੍ਰਭਾਵਿਤ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀ ਬਹਾਲੀ ਅਤੇ ਪੁਨਰ ਨਿਰਮਾਣ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੰਦੀ ਹੈ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ 9 ਸਤੰਬਰ 2025 ਨੂੰ ਪੰਜਾਬ ਦਾ ਦੌਰਾ ਕੀਤਾ ਅਤੇ ਹੜ੍ਹ ਦੀ ਸਥਿਤੀ ਅਤੇ ਪੰਜਾਬ ਦੇ ਪ੍ਰਭਾਵਿਤ ਖੇਤਰਾਂ ਵਿੱਚ ਬੱਦਲ ਫਟਣ ਅਤੇ ਭਾਰੀ ਮੀਂਹ ਕਾਰਨ ਹੋਏ ਨੁਕਸਾਨ ਦਾ ਨਿਰੀਖਣ ਕੀਤਾ।

## ਨੇਪਾਲ ਵਿਚ ਭਾਰਤੀ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ

ਕਾਠਮੰਡੂ (ਲੋਕ ਬਾਣੀ)-ਨੇਪਾਲ ਸਰਕਾਰ ਦੇ ਵੱਡੇ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਪਾਬੰਦੀ ਲਗਾਉਣ ਦੇ (ਹੁਣ ਵਾਪਸ ਲਏ) ਫੈਸਲੇ ਤੋਂ ਬਾਅਦ ਵਿਆਪਕ ਵਿਰੋਧ ਪ੍ਰਦਰਸ਼ਨਾਂ ਅਤੇ ਅਸ਼ਾਂਤੀ ਮਗਰੋਂ ਭਾਰਤ ਨੇ ਨੇਪਾਲ ਵਿੱਚ ਆਪਣੇ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ ਕੀਤੀ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ($51) ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਉਹ ਨੇਪਾਲ ਵਿੱਚ ਹਾਲਾਤ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਐਡਵਾਈਜ਼ਰੀ ਵਿਚ ਭਾਰਤੀ ਨਾਗਰਿਕਾਂ ਨੂੰ ਚੌਕਸ ਰਹਿਣ ਅਤੇ ਸਥਾਨਕ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ। ਨੇਪਾਲ ਵਿਚ ਭਾਰਤੀ ਅੰਬੈਸੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਨੇਪਾਲ ਵਿੱਚ ਸਾਰੇ ਭਾਰਤੀ ਨਾਗਰਿਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਉਹ ਕਿਸੇ ਐਮਰਜੈਂਸੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ ਜਾਂ ਸਹਾਇਤਾ ਦੀ ਲੋੜ ਹੈ ਤਾਂ ਸੰਪਰਕ ਲਈ ਕਾਠਮੰਡੂ ਸਥਿਤੀ ਭਾਰਤੀ ਦੂਤਾਵਾਸ ਨਾਲ 977-980 860 2881 ਤੇ 977-981 032 6134 ਟੈਲੀਫੋਨ ਨੰਬਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਬਿਆਨ ਵਿਚ ਭਾਰਤੀ ਨਾਗਰਿਕਾਂ ਨੂੰ ਨੇਪਾਲ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ।


# ਸੀਪੀ ਰਾਧਾਕ੍ਰਿਸ਼ਨਨ ਭਾਰਤ ਦੇ ਉਪ-ਰਾਸ਼ਟਰਪਤੀ ਬਣੇ

### ਰਾਧਾਕ੍ਰਿਸ਼ਨਨ ਨੂੰ 452 ਵੋਟਾਂ ਮਿਲੀਆਂ; ਸੁਦਰਸ਼ਨ ਰੈਡੀ ਨੂੰ ਮਿਲੀਆਂ 300 ਵੋਟਾਂ

ਐਨਡੀਏ ਉਮੀਦਵਾਰ ਸੀਪੀ ਰਾਧਾਕ੍ਰਿਸ਼ਨਨ ਭਾਰਤ ਦੇ ਨਵੇਂ ਉਪ-ਰਾਸ਼ਟਰਪਤੀ ਚੁਣੇ ਗਏ। ਰਿਟਰਨਿੰਗ ਅਫਸਰ ਨੇ ਐਲਾਨ ਕੀਤਾ ਕਿ ਮਹਾਰਾਸ਼ਟਰ ਦੇ ਸਾਬਕਾ ਰਾਜਪਾਲ ਸੀਪੀ ਰਾਧਾਕ੍ਰਿਸ਼ਨਨ ਨੇ ਉਪ-ਰਾਸ਼ਟਰਪਤੀ ਦੀ ਚੋਣ ਜਿੱਤ ਲਈ ਹੈ ਤੇ ਉਨ੍ਹਾਂ ਨੂੰ 452 ਵੋਟਾਂ ਮਿਲੀਆਂ। ਸੀਪੀ ਰਾਧਾਕ੍ਰਿਸ਼ਨਨ ਨੇ ਆਪਣੇ ਵਿਰੋਧੀ ਜਸਟਿਸ ਬੀ ਸੁਦਰਸ਼ਨ ਰੈਡੀ ਨੂੰ ਹਰਾਇਆ ਜਿਨ੍ਹਾਂ ਨੂੰ 300 ਵੋਟਾਂ ਮਿਲੀਆਂ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ, ਕਾਂਗਰਸ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਸਮੇਤ 769 ਸੰਸਦ ਮੈਂਬਰਾਂ ਨੇ ਉਪ ਰਾਸ਼ਟਰਪਤੀ ਚੋਣ ਲਈ ਆਪਣੀ ਵੋਟ ਪਾਈ। ਉਪ ਰਾਸ਼ਟਰਪਤੀ ਚੋਣ ਵਿੱਚ ਕੁੱਲ 98 ਫੀਸਦੀ ਵੋਟਿੰਗ ਦਰਜ ਕੀਤੀ ਗਈ। ਵੋਟਿੰਗ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ 5 ਵਜੇ ਖ਼ਤਮ ਹੋਈ , ਜਦੋਂ ਕਿ ਵੋਟਾਂ ਦੀ ਗਿਣਤੀ ਸ਼ਾਮ 6 ਵਜੇ ਸ਼ੁਰੂ ਹੋਈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਕਿ ਵਿਰੋਧੀ ਧਿਰ ਇੱਕਜੁੱਟ ਰਹੀ ਅਤੇ ਇਸਦੇ ਸਾਰੇ 315 ਸੰਸਦ ਮੈਂਬਰਾਂ ਨੇ ਵੋਟਿੰਗ ਵਿੱਚ ਹਿੱਸਾ ਲਿਆ। ਦੇਸ਼ ਦੇ 17ਵੇਂ ਉਪ ਰਾਸ਼ਟਰਪਤੀ ਦੀ ਚੋਣ ਲਈ ਚੋਣ ਮੰਡਲ ਵਿੱਚ ਰਾਜ ਸਭਾ ਦੇ 233 ਚੁਣੇ ਹੋਏ ਮੈਂਬਰ (ਪੰਜ ਸੀਟਾਂ ਇਸ ਵੇਲੇ ਖਾਲੀ ਹਨ), 12 ਨਾਮਜ਼ਦ ਮੈਂਬਰ ਅਤੇ ਲੋਕ ਸਭਾ ਦੇ 543 ਚੁਣੇ ਹੋਏ ਮੈਂਬਰ (ਇੱਕ ਸੀਟ ਇਸ ਵੇਲੇ ਖਾਲੀ ਹੈ) ਸ਼ਾਮਲ ਹਨ।



## ਬਰਫ਼ ਦੇ ਤੋਦਿਆਂ ਹੇਠ ਦੱਬਣ ਨਾਲ ਤਿੰਨ ਫੌਜੀ ਹਲਾਕ



ਲੱਦਾਖ (ਲੋਕ ਬਾਣੀ)-ਇੱਥੋਂ ਦੇ ਸਿਆਚਿਨ ਬੇਸ ਕੈਂਪ ਵਿਚ ਬਰਫ ਦੇ ਤੋਦਿਆਂ ਹੇਠ ਦਬਣ ਨਾਲ ਤਿੰਨ ਫੌਜੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ 12,000 ਫੁੱਟ ਉੱਚੇ ਸਿਆਚਿਨ ਬੇਸ ਕੈਂਪ ਖੇਤਰ ਵਿੱਚ ਬਰਫ਼ ਦੇ ਤੋਦੇ ਡਿੱਗਣ ਕਾਰਨ ਤਿੰਨ ਫੌਜ ਬਰਫ ਹੇਠ ਦਬ ਗਏ ਸਨ ਜਿਨ੍ਹਾਂ ਵਿੱਚ ਦੋ ਅਗਨੀਵੀਰ ਵੀ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਤੁਰੰਤ ਬਚਾਅ ਕਾਰਜ ਸ਼ੁਰੂ ਕੀਤਾ ਗਿਆ ਅਤੇ ਫਸੇ ਹੋਏ ਸੈਨਿਕਾਂ ਦੀਆਂ ਲਾਸ਼ਾਂ ਕੱਢ ਲਈਆਂ ਗਈਆਂ ਹਨ।




ਸੱਭ ਤੋਂ ਵੱਧ ਟੂਰਿਸਟ ਵੀਜ਼ਾ ਲਗਵਾਉਣ ਤੇ 10 ਵਾਰ ਅਵਾਰਡ ਜਿੱਤਣ ਵਾਲੀ ਕੰਪਨੀ
TOURIST VISA
CANADA/ USA
SCHENGEN/ AUSTRALIA/ UK/ NZ
easyvisa
81980 95553
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ

ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


# ਹਮਦਰਦੀ ਕਰਨ ਵਾਲਿਆਂ ਦਾ ਦਰਦ ਵੀ ਕੋਈ ਪੁੱਛਣ ਵਾਲਾ ਹੋਣਾ ਚਾਹੀਦਾ ਹੈ

ਮੀਂਹ ਨੇ ਇਸ ਸਾਲ ਸਾਰੇ ਰਿਕਾਰਡ ਤੋੜ ਦਿਤੇ ਹਨ, ਲੱਗਭਗ ਇੱਕ ਮਹੀਨਾ ਹੋ ਗਿਆ ਹੈ ਕਿ ਲੋਕਾਂ ਨੂੰ ਘਰੋਂ ਬੇਘਰ ਹੋਇਆ ਨੂੰ, ਅਜੇ ਵੀ ਨਹੀਂ ਪਤਾ ਕਿ ਕਦੋ ਉਹਨਾਂ ਨੂੰ ਆਪਣੇ ਘਰ ਨਸੀਬ ਹੋਣਗੇ, ਬੰਦੇ ਦੀ ਸਾਰੀ ਉਮਰ ਲੱਗ ਜਾਂਦੀ ਹੈ ਆਪਣਾ ਘਰ ਬਣਾਉਣ ਤੇ ਭਾਵੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਉਤੇ ਕਿਉ ਨਾ ਬੈਠਾ ਹੋਵੇ, ਉਸ ਦਾ ਧਿਆਨ ਹਮੇਸ਼ਾ ਆਪਣੇ ਘਰ ਉਤੇ ਹੁੰਦਾ ਹੈ, ਸਾਲਾਂ ਸਮੇ ਵੀ ਲੰਘ ਜਾਣ ਫਿਰ ਵੀ ਬੰਦੇ ਨੂੰ ਆਪਣਾ ਘਰ ਨਹੀਂ ਭੁੱਲਦਾ ÷ਕੁੱਲੀ ਯਾਰ ਦੀ ਸੁਰਗ ਦਾ ਝੂਟਾ ÷ਅੱਗ ਲਾਵਾਂ ਮਹਿਲਾਂ ਨੂੰ ÷ਆਪਣਾ ਘਰ ਆਪਣਾ ਹੀ ਹੁੰਦਾ ਹੈ ਭਾਵੇਂ ਉਹ ਕੱਖਾਂ ਦਾ ਹੀ ਕਿਉ ਨਾ ਹੋਵੇ, ਉਂਝ ਵੀ ਬੰਦਾ ਤੀਲਾ ਤੀਲਾ ਕਰਕੇ ਘਰ ਬਣਾਉਂਦਾ ਹੈ, ਫਿਰ ਅਚਾਨਕ ਬੰਦੇ ਨੂੰ ਉਹ ਘਰ ਛੱਡਣਾ ਪੈ ਜਾਵੇ, ਕਿੰਨਾ ਦੁੱਖ ਲਗਦਾ ਹੈ, ਇਹ ਤੁਸੀਂ ਆਪ ਹੀ ਸੋਚ ਕੇ ਵੇਖ ਲਵੋ, ਇਹ ਤਾਂ ਇੱਕ ਘਰ ਦੀ ਗੱਲ ਕਰ ਰਿਹਾ ਹਾਂ, ਜਿੱਥੇ ਸਾਰਾ ਪਿੰਡ ਹੀ ਛੱਡਣਾ ਪੈ ਜਾਵੇ, ਫਿਰ ਉੱਥੇ ਉਹਨਾਂ ਨਾਲ ਕੀ ਬੀਤਦੀ ਹੋਵੇਗੀ, ਉਹ ਤਾਂ ਉਹੀ ਹੀ ਜਾਣਦੇ ਹਨ ਜਿਹਨਾਂ ਨਾਲ ਇਹ ਬੀਤ ਰਹੀ ਹੈ, ਅਸੀਂ ਤੁਸੀਂ ਤਾਂ ਇੱਕ ਮਨ ਵਿੱਚ ਸੋਚ ਹੀ ਸਕਦੇ ਹਾਂ, ਇਹਨਾਂ ਸਾਰਿਆਂ ਦੁੱਖ ਤਕਲੀਫ਼ਾਂ ਨੂੰ ਵੇਖਦੇ ਹੋਏ ਅੱਜ ਸਾਰੀ ਦੁਨੀਆਂ ਵਿੱਚ ਬੈਠੇ ਹੋਏ ਪੰਜਾਬੀਆਂ ਨੇ ਆਪਣੇ ਪੰਜਾਬ ਦੀ ਬਾਂਹ ਫੜਨ ਲਈ ਕਈ ਤਰਾਂ ਦੇ ਉਪਰਾਲੇ ਕਰ ਰਹੇ ਹਨ, ਮੇਰੇ ਹਿਸਾਬ ਨਾਲ ਕੋਈ ਹੀ ਇਨਸਾਨ ਇਹੋ ਜਿਹਾ ਨਹੀਂ ਹੋਵੇਗਾ, ਜਿਸ ਨੇ ਆਪਣੇ ਸਰਦੇ ਪੁੱਜਦੇ ਘਰ ਵਿੱਚੋ ਪੰਜਾਬ ਵਾਸਤੇ ਕੋਈ ਪੁੰਨ ਦਾਨ ਨਾ ਕੀਤਾ ਹੋਵੇ, ਤੁਸੀਂ ਜਦੋ ਵੀ ਸੋਸ਼ਲ ਮੀਡੀਆ ਖੋਲੋਗੇ ਤੁਹਾਨੂੰ ਦਾਨੀ ਸੱਜਣਾ ਦੇ ਦਾਨ ਪੜ੍ਹ ਕੇ ਹੈਰਾਨੀ ਹੋਵੇਗੀ ਕਿ ਲੋਕ ਇਹੋ ਜਿਹੇ ਵੀ ਦਾਨੀ ਸੱਜਣ ਬੈਠੇ ਹਨ, ਜਿਹੜਾ ਇੰਨਾ ਇੰਨਾ ਦਾਨ ਅੱਜ ਪੰਜਾਬ ਵਾਸਤੇ ਭੇਜ ਰਹੇ ਹਨ, ਕੋਈ ਵੀ ਕਲਾਕਾਰ ,ਬੌਲੀਵੁੱਡ ,ਹੋਲੀਵੁੱਡ,ਪੋਲੀਵੁੱਡ ,ਐਕਟਰ ,ਕਾਰੋਬਾਰੀ ਪਿੱਛੇਨਹੀਂ ਰਿਹਾ, ਬਿਨਾਂ ਵਿੱਤਕਰਾ ਕੀਤਿਆਂ ਬਹੁਰ ਸਾਰੇ ਸੂਬਿਆਂ ਨੇ ਪੰਜਾਬ ਨੂੰ ਮਦਦ ਦੇਣ ਲਈ ਕਿਹਾ ਹੈ, ਕਈਆਂ ਸੂਬਿਆਂ ਨੇ ਮਦਦ ਭੇਜ ਵੀ ਦਿੱਤੀ ਹੈ, ਇਸ ਤੋਂ ਇਲਾਵਾ ਬਹੁਤ ਸਾਰੀਆਂ ਸੰਸਥਾਵਾਂ ਆਪਣੇ ਆਪਣੇ ਤਰੀਕੇ ਨਾਲ ਪੰਜਾਬ ਵਿੱਚ ਦਿਨ ਰਾਤ ਸੇਵਾ ਲੱਗੀਆਂ ਹੋਈਆਂ ਹਨ, ਕੋਈ ਡਾਕਟਰੀ ਸਹਾਇਤਾ ਕੋਈ ਪਸ਼ੂਆਂ ਤੇ ਜਾਨਵਰਾਂ ਦੀ ਸੇਵਾ ਕਰਨ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ, ਸਾਰੇ ਧਰਮਾਂ , ਮਹਜ਼ਬਾਂ ਤੇ ,ਕਬੀਲਿਆਂ ਦੇ ਲੋਕ ਆਪਣਾ ਆਪਣਾ ਯੋਗਦਾਨ ਪਾ ਰਹੇ ਹਨ, ਬੇਸ਼ਕ ਪੰਜਾਬ ਨੂੰ ਆਰਥਿਕ ਤੌਰ ਤੇ ਬਹੁਤ ਵੱਡੀ ਸੱਟ ਲੱਗੀ ਹੈ, ਪਰ ਫਿਰ ਵੀ ਹੌਸਲੇ ਬੁਲੰਦ ਹਨ, ਹੁਣ ਜਿਹੜੀ ਅਗਲੀ ਗੱਲ ਮੈ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਕੁੱਝ ਕੁ ਲੋਕ ਇਹੋ ਜਿਹੇ ਹਨ, ਜਿਹੜੇ ਅਸਲ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਨਹੀਂ ਹੋਏ, ਉਹ ਲੋਕ ਜੋ ਬਾਹਰੋਂ ਹੜ੍ਹ ਪੀੜਿਤਾਂ ਵਾਸਤੇ ਰਾਹਤ ਸਮੱਗਰੀ ਆ ਰਹੀ ਹੈ, ਉਹ ਨੂੰ ਖਾਣ ਤੇ ਖੋਹਣ ਵਿੱਚ ਲੱਗ ਗਏ ਹਨ, ਜਿਸ ਨਾਲ ਪੰਜਾਬ ਦਾ ਨਾਂਅ ਬਦਨਾਮ ਹੁੰਦਾ ਹੈ, ਇੱਕ ਤਾਂ ਲੋਕ ਆਪਣਾ ਘਰ ਬਾਹਰ ਛੱਡ ਕੇ ਸਾਡੀ ਮਦਦ ਲਈ ਆ ਰਹੇ ਹਨ, ਫਿਰ ਅਸੀਂ ਉਹਨਾਂ ਨੂੰ ਪ੍ਰੇਸ਼ਾਨ ਕਿਉ ਕਰ ਰਹੇ ਹਾਂ, ਜਦੋਂ ਇਹੋ ਜਿਹੀਆਂ ਵੀਡੀਓ ਵਾਇਰਲ ਹੁੰਦੀਆਂ ਹਨ, ਫਿਰ ਸੇਵਾ ਕਰਨ ਵਾਲਿਆਂ ਦੀ ਆਸਥਾ ਨੂੰ ਚੋਟ ਵੱਜਦੀ ਹੈ, ਇੱਕ ਪਾਸੇ ਉਹ ਸਾਡੇ ਹਮਦਰਦੀ ਤੇ ਮਸੀਹੇ ਬਣ ਕੇ ਆ ਰਹੇ ਹੈਂ, ਦੂਜੇ ਪਾਸੇ ਉਹ ਸਾਡੇ ਮਹਿਮਾਨ ਵੀ ਹਨ, ਸਾਨੂੰ ਉਹਨਾਂ ਦੀ ਵੀ ਸੇਵਾ ਕਰਨੀ ਚਾਹੀਦੀ ਹੈ, ਅਸੀਂ ਉਹਨਾਂ ਦਾ ਮਾਨ ਸਤਿਕਾਰ ਕਰੀਏ, ਉਹਨਾਂ ਨੂੰ ਇਹ ਅਹਿਸਾਸ ਕਰਵਾਈਏ ਕਿ ਪੰਜਾਬ ਵਾਕਿਆ ਹੀ ਗੁਰੂਆਂ ਪੀਰਾਂ ਦੀ ਧਰਤੀ ਹੈ, ਇੱਥੇ ਪਿਆਰ ਹੀ ਉਗਦਾ ਹੈ ਨਫਰਤ ਨਹੀਂ, ਜੋ ਕੁਦਰਤੀ ਆਫ਼ਤ ਅੱਜ ਮੁਸੀਬਤ ਬਣ ਕੇ ਆਈ ਹੈ, ਇਸ ਨੂੰ ਰਲਮਿਲ ਕੇ ਕੱਟ ਲਵਾਂਗੇ, ਇਹ ਪੰਜਾਬ ਤੇ ਕੋਈ ਅੱਜ ਨਵੀ ਆਫ਼ਤ ਨਹੀਂ ਆਈ, ਇਸ ਤੋਂ ਪਹਿਲਾਂ ਵੀ ਇਸ ਨੇ ਬਹੁਤ ਸਾਰੀਆਂ ਮੁਸੀਬਤਾਂ ਝਲੀਆਂ ਨੇ, ਪਰ ਜੋ ਸਾਡੀ ਮੁਸੀਬਤ ਨੂੰ ਲੋਕ ਆਪਣੀ ਮੁਸੀਬਤ ਸਮਝ ਕੇ ਸਾਡੇ ਦੁੱਖ ਨੂੰ ਵੰਡਾ ਰਹੇ ਹਨ, ਪੰਜਾਬ ਉਹਨਾਂ ਦਾ ਸਦਾ ਰਿਣੀ ਰਹੇਗਾ, ਹਮਦਰਦੀ ਵਢਾਉਣ ਵਾਲਿਆਂ ਨੂੰ ਕਿਸੇ ਪ੍ਰਕਾਰ ਦਾ ਦਰਦ ਨਹੀਂ ਹੋਣ ਦੇਣਾ ਚਾਹੀਦਾ, ਕਿਉਂਕਿ ਉਹ ਮਨੁੱਖਤਾ ਦੀ ਸੇਵਾ ਕਰਨ ਆਏ ਹਨ, ਸੇਵਾ ਕਰਨੀ ਤੇ ਕਰਾਉਣੀ ਹਰ ਇੱਕ ਦੇ ਹਿੱਸੇ ਵਿੱਚ ਨਹੀਂ ਆਉਂਦੀ, ਅਖੀਰ ਵਿੱਚ ਮੈ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ ਖੁਸ਼ੀ ਵੰਡਾਇਆਂ ਦੁੱਗਣੀ ਹੁੰਦੀ ਹੈ ਦੁੱਖ ਵੰਡਾਈਆਂ ਅੱਧਾ ਰਹਿ ਜਾਂਦਾ ਹੈ।



**ਸੂਬੇਦਾਰ ਜਸਵਿੰਦਰ ਸਿੰਘ**
**ਭੁਲੇਰੀਆ ਮਮਦੋਟ**

# ਭਾਰਤ ਵਿੱਚ ਬਣੇ ਹਸਪਤਾਲ ਕਿਫਾਇਤੀ ਅਤੇ ਨਵੀਨਤਾਕਾਰੀ

**ਵਿਜੈ ਗਰਗ**

ਭਾਰਤ ਦੇ ਸਿਹਤ ਸੰਭਾਲ ਖੇਤਰ ਵਿੱਚ ਮੇਡ ਇਨ ਇੰਡੀਆ ਹਸਪਤਾਲਾਂ ਦੀ ਵਧਦੀ ਗਿਣਤੀ ਹੈ ਜੋ ਕਿਫਾਇਤੀ ਅਤੇ ਨਵੀਨਤਾਕਾਰੀ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਤਰੱਕੀ ਕਰ ਰਹੇ ਹਨ। ਇਹ ਰੁਝਾਨ ਸਰਕਾਰੀ ਪਹਿਲਕਦਮੀਆਂ, ਇੱਕ ਪ੍ਰਫੁੱਲਤ ਸਿਹਤ-ਤਕਨੀਕੀ ਸਟਾਰਟਅੱਪ ਈਕੋਸਿਸਟਮ, ਅਤੇ ਸਵਦੇਸ਼ੀ ਮੈਡੀਕਲ ਡਿਵਾਈਸ ਨਿਰਮਾਣ ’ਤੇ ਧਿਆਨ ਕੇਂਦਰਿਤ ਕਰਨ ਦੁਆਰਾ ਚਲਾਇਆ ਜਾਂਦਾ ਹੈ। ਅੱਜ ਭਾਰਤ ਵਿੱਚ, ਸਿਹਤ ਸੰਭਾਲ ਦਾ ਵਿਰੋਧਾਭਾਸ ਬਹੁਤ ਵੱਡਾ ਹੈ। ਇੱਕ ਪਾਸੇ, ਦੇਸ਼ ਦਵਾਈਆਂ ਅਤੇ ਟੀਕਿਆਂ ਵਿੱਚ ਨਵੀਨਤਾ ਅਤੇ ਨਿਰਮਾਣ ਦੇ ਇੱਕ ਗਲੋਬਲ ਹੱਬ ਵਜੋਂ ਉੱਭਰ ਰਿਹਾ ਹੈ। ਦੂਜੇ ਪਾਸੇ, ਉੱਨਤ ਸਿਹਤ ਸੰਭਾਲ ਸਹੂਲਤਾਂ ਵੱਡੇ ਪੱਧਰ ’ਤੇ ਮਹਾਂਨਗਰਾਂ ਵਿੱਚ ਕੇਂਦ੍ਰਿਤ ਹਨ। ਭਾਰਤ ਦੀ 70 ਪ੍ਰਤੀਸ਼ਤ ਤੋਂ ਵੱਧ ਆਬਾਦੀ ਟੀਅਰ 99, ਟੀਅਰ 999 ਸ਼ਹਿਰਾਂ ਅਤੇ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ, ਫਿਰ ਵੀ ਤੀਜੇ ਦਰਜੇ ਦੀ ਦੇਖਭਾਲ - ਕੈਂਸਰ, ਦਿਲ ਦੀਆਂ ਬਿਮਾਰੀਆਂ, ਜਾਂ ਗੁਰਦੇ ਦੀ ਅਸਫਲਤਾ ਵਰਗੀਆਂ ਸਥਿਤੀਆਂ ਲਈ ਮਹੱਤਵਪੂਰਨ - ਬਹੁਤ ਜ਼ਿਆਦਾ ਮਹਾਂਨਗਰ-ਕੇਂਦ੍ਰਿਤ ਹੈ। ਇਹ ਸ਼ਹਿਰੀ ਝੁਕਾਅ ਲੱਖਾਂ ਪਰਿਵਾਰਾਂ ਨੂੰ ਦੇਖਭਾਲ ਤੱਕ ਪਹੁੰਚ ਕਰਨ ਲਈ ਲੰਬੀ ਦੂਰੀ ਦੀ ਯਾਤਰਾ ਕਰਨ ਲਈ ਮਜਬੂਰ ਕਰਦਾ ਹੈ, ਅਕਸਰ ਅਪਾਹਜ ਵਿੱਤੀ ਲਾਗਤ ’ਤੇ। ਇਸ ਅਸੰਤੁਲਨ ਦਾ ਹੱਲ ਹੋਰ ਮਹਾਂਨਗਰੀ ਸੁਪਰ-ਸਪੈਸ਼ਲਿਟੀ ਟਾਪੂ ਬਣਾਉਣ ਵਿੱਚ ਨਹੀਂ ਹੈ, ਸਗੋਂ ਮੇਡ ਇਨ ਇੰਡੀਆ ਹਸਪਤਾਲਾਂ ਦੇ ਨਿਰਮਾਣ ਵਿੱਚ ਹੈ - ਵਿਸ਼ਵ ਪੱਧਰੀ ਪਰ ਕਿਫਾਇਤੀ ਸੰਸਥਾਵਾਂ ਜੋ ਪੂਰੀ ਤਰ੍ਹਾਂ ਸਵਦੇਸ਼ੀ ਡਾਕਟਰੀ ਤਕਨਾਲੋਜੀਆਂ ਅਤੇ ਬੁਨਿਆਦੀ ਢਾਂਚੇ ਦੁਆਰਾ ਸੰਚਾਲਿਤ ਹਨ। ਇਹ ਦ੍ਰਿਸ਼ਟੀਕੋਣ ਇੱਛਾਵਾਦੀ ਨਹੀਂ ਹੈ; ਇਹ ਕਾਰਵਾਈਯੋਗ ਹੈ।

ਕਿਫਾਇਤੀ ਸਿਹਤ ਸੰਭਾਲ ਅਤੇ ਮੁੱਖ ਖਿਡਾਰੀ ਮੇਡ ਇਨ ਇੰਡੀਆ ਹੈਲਥਕੇਅਰ ਮਾਡਲ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਇਸਦਾ ਕਿਫਾਇਤੀਤਾ ’ਤੇ ਜ਼ੋਰ ਹੈ, ਜਿਸਦਾ ਉਦੇਸ਼ ਗੁਣਵੱਤਾ ਵਾਲੇ ਡਾਕਟਰੀ ਇਲਾਜ ਨੂੰ ਵਿਸ਼ਾਲ ਆਬਾਦੀ ਲਈ ਪਹੁੰਚਯੋਗ ਬਣਾਉਣਾ ਹੈ। ਇਸ ਯਤਨ ਵਿੱਚ ਕਈ ਹਸਪਤਾਲ ਅਤੇ ਸਰਕਾਰੀ ਯੋਜਨਾਵਾਂ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ:

**ਆਰਥਿਕ ਪ੍ਰਭਾਵ ਅਤੇ ਸਿਹਤ ਸੰਭਾਲ ਇਕੁਇਟੀ**


ਮੇਡ ਇਨ ਇੰਡੀਆ ਹਸਪਤਾਲਾਂ ਦਾ ਆਰਥਿਕ ਪ੍ਰਭਾਵ ਕਈ ਗੁਣਾ ਹੈ। ਪਹਿਲਾ ਫਾਇਦਾ ਕਿਫਾਇਤੀ ਸਵਦੇਸ਼ੀ ਉਪਕਰਣਾਂ ਦੀ ਖਰੀਦ ਕਰਕੇ ਹਸਪਤਾਲਾਂ ਦੇ ਨਿਰਮਾਣ ਦੀ ਘੱਟ ਪੂੰਜੀ ਲਾਗਤ ਹੈ। ਦੂਜਾ, ਇਹ ਹਸਪਤਾਲ ਮਰੀਜ਼ਾਂ ਦੇ ਖਰਚੇ ਨੂੰ ਘਟਾ ਸਕਦੇ ਹਨ, ਪਰਿਵਾਰਾਂ ਲਈ ਵਿਨਾਸ਼ਕਾਰੀ ਸਿਹਤ ਖਰਚਿਆਂ ਨੂੰ ਰੋਕ ਸਕਦੇ ਹਨ। ਤੀਜਾ, ਨਿਰਮਾਣ, ਸਿਹਤ ਸੰਭਾਲ ਅਤੇ ਲੌਜਿਸਟਿਕਸ ਵਿੱਚ ਸਥਾਨਕ ਨੌਕਰੀਆਂ ਪੈਦਾ ਹੋਣਗੀਆਂ। ਅੰਤ ਵਿੱਚ, ਨਿਰਯਾਤ ਨੂੰ ਹੁਲਾਰਾ ਮਿਲਦਾ ਹੈ, ਜਿਸ ਨਾਲ ਭਾਰਤ ਇੱਕ ਆਯਾਤਕ ਤੋਂ ਹਸਪਤਾਲਾਂ ਅਤੇ ਉਪਕਰਣਾਂ ਦਾ ਇੱਕ ਵਿਸ਼ਵਵਿਆਪੀ ਸਪਲਾਇਰ ਬਣ ਜਾਂਦਾ ਹੈ। ਪਰ ਸਭ ਤੋਂ ਮਹੱਤਵਪੂਰਨ, ਉਹ ਸਿਹਤ ਸੰਭਾਲ ਇਕੁਇਟੀ ਪਾੜੇ ਨੂੰ ਬੰਦ ਕਰਦੇ ਹਨ। ਇੱਕ ਟੀਅਰ 999 ਸ਼ਹਿਰ ਵਿੱਚ ਇੱਕ ਕੈਂਸਰ ਮਰੀਜ਼ ਨੂੰ ਕੀਮੋਥੈਰੇਪੀ ਲਈ 500 ਕਿਲੋਮੀਟਰ ਮੈਟਰੋ ਤੱਕ ਯਾਤਰਾ ਕਰਨ ਦੀ ਜ਼ਰੂਰਤ ਨਹੀਂ ਹੋਣੀ ਚਾਹੀਦੀ। ਮੇਡ ਇਨ ਇੰਡੀਆ ਹਸਪਤਾਲਾਂ ਨਾਲ,

ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਨਵੀਂ ਦਿੱਲੀ: ਇੱਕ ਪ੍ਰਮੁੱਖ ਸਰਕਾਰੀ ਸੰਸਥਾ ਹੋਣ ਦੇ ਨਾਤੇ, ਏਮਜ਼ ਬਹੁਤ ਹੀ ਸਬਸਿਡੀ ਵਾਲੀਆਂ ਦਰਾਂ ’ਤੇ ਉੱਚ-ਗੁਣਵੱਤਾ ਵਾਲੀ ਦੇਖਭਾਲ ਪ੍ਰਦਾਨ ਕਰਨ ਲਈ ਮਸ਼ਹੂਰ ਹੈ। ਇਸਨੂੰ ਸਰਕਾਰੀ ਫੰਡਿੰਗ ਮਿਲਦੀ ਹੈ, ਜਿਸ ਨਾਲ ਸਲਾਹ-ਮਸ਼ਵਰਾ ਫੀਸ, ਡਾਇਗਨੌਸਟਿਕ ਟੈਸਟ ਅਤੇ ਸਰਜੀਕਲ ਪ੍ਰਕਿਰਿਆਵਾਂ ਨਿੱਜੀ ਹਸਪਤਾਲਾਂ ਨਾਲੋਂ ਕਾਫ਼ੀ ਸਸਤੀਆਂ ਹੋ ਜਾਂਦੀਆਂ ਹਨ। ਏਮਜ਼ ਖੋਜ ਦੀ ਵੀ ਅਗਵਾਈ ਕਰਦਾ ਹੈ, ਜਿਵੇਂ ਕਿ ਸਮੇਂ ਤੋਂ ਪਹਿਲਾਂ ਜਨਮੇ ਬੱਚਿਆਂ ਲਈ ਦੇਸੀ ਸਰਫੈਕਟੈਂਟ ਵਿਕਸਤ ਕਰਨਾ।

ਨਾਰਾਇਣ ਹੈਲਥ: ਪ੍ਰਸਿੱਧ ਕਾਰਡੀਅਕ ਸਰਜਨ ਡਾ. ਦੇਵੀ ਸ਼ੈੱਟੀ ਦੁਆਰਾ ਸਥਾਪਿਤ, ਨਾਰਾਇਣ ਹੈਲਥ ਜਨਤਾ ਲਈ ਉੱਚ-ਗੁਣਵੱਤਾ ਵਾਲੀ ਡਾਕਟਰੀ ਦੇਖਭਾਲ ਨੂੰ ਕਿਫਾਇਤੀ ਬਣਾਉਣ ਲਈ ਸਮਰਪਿਤ ਹੈ। ਦੇਸ਼ ਭਰ ਵਿੱਚ ਹਸਪਤਾਲਾਂ ਦੇ ਨੈਟਵਰਕ ਦੇ ਨਾਲ, ਇਹ ਲਾਗਤ-ਪ੍ਰਭਾਵਸ਼ਾਲੀ, ਉੱਚ-ਵਾਲੀਅਮ ਸਿਹਤ ਸੰਭਾਲ ਸਪੁਰਦਗੀ ਲਈ ਇੱਕ ਮਾਡਲ ਬਣ ਗਿਆ ਹੈ।

ਸਰਕਾਰੀ ਯੋਜਨਾਵਾਂ: ਆਯੁਸ਼ਮਾਨ ਭਾਰਤ - ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ (ਪੀਐਮ- ਜੇਏਵਾਈ) ਵਰਗੀਆਂ ਪਹਿਲਕਦਮੀਆਂ ਬਹੁਤ ਮਹੱਤਵਪੂਰਨ ਹਨ। ਪੀਐਮ- ਜੇਏਵਾਈ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਬੀਮਾ ਯੋਜਨਾ ਹੈ, ਜੋ 120 ਮਿਲੀਅਨ ਤੋਂ ਵੱਧ ਕਮਜ਼ੋਰ ਪਰਿਵਾਰਾਂ ਨੂੰ ਸੈਕੰਡਰੀ ਅਤੇ ਤੀਜੇ ਦਰਜੇ ਦੀ ਦੇਖਭਾਲ ਲਈ ਹਸਪਤਾਲ ਵਿੱਚ ਭਰਤੀ ਲਈ ਪ੍ਰਤੀ ਪਰਿਵਾਰ ਪ੍ਰਤੀ ਸਾਲ £500,000 ਤੱਕ ਦਾ ਸਿਹਤ ਕਵਰ ਪ੍ਰਦਾਨ ਕਰਦੀ ਹੈ। ਇਸ ਯੋਜਨਾ ਦਾ ਉਦੇਸ਼ ਵਿਨਾਸ਼ਕਾਰੀ ਸਿਹਤ ਖਰਚਿਆਂ ਨੂੰ ਘਟਾਉਣਾ ਹੈ ਜੋ ਹਰ ਸਾਲ ਲੱਖਾਂ ਲੋਕਾਂ ਨੂੰ ਗਰੀਬੀ ਵਿੱਚ ਧੱਕਦਾ ਹੈ। ਨਵੀਨਤਾਵਾਂ ਅਤੇ ਤਕਨਾਲੋਜੀ ਭਾਰਤੀ ਹਸਪਤਾਲ ਅਤੇ ਸਿਹਤ-ਤਕਨੀਕੀ ਕੰਪਨੀਆਂ ਨਵੀਨਤਾ ਵਿੱਚ ਸਭ ਤੋਂ ਅੱਗੇ ਹਨ, ਮਰੀਜ਼ਾਂ ਦੀ ਦੇਖਭਾਲ ਨੂੰ ਬਿਹਤਰ ਬਣਾਉਣ, ਕਾਰਜਾਂ ਨੂੰ ਸੁਚਾਰੂ ਬਣਾਉਣ ਅਤੇ ਸਵਦੇਸ਼ੀ ਡਾਕਟਰੀ ਹੱਲ ਵਿਕਸਤ ਕਰਨ ਲਈ ਤਕਨਾਲੋਜੀ ਦਾ ਲਾਭ ਉਠਾਉਂਦੀਆਂ ਹਨ।

ਸਵਦੇਸ਼ੀ ਮੈਡੀਕਲ ਡਿਵਾਈਸ: ਮੈਡੀਕਲ ਡਿਵਾਈਸ ਸੈਕਟਰ ਵਿੱਚ ਮੇਡ ਇਨ ਇੰਡੀਆ ਲਹਿਰ ਮਜ਼ਬੂਤ ਹੈ। ਭਾਰਤ ਸਰਿੰਜਾਂ ਅਤੇ ਕੈਨੂਲਾ ਵਰਗੇ ਸਾਦੇ ਖਪਤਕਾਰਾਂ ਤੋਂ ਲੈ ਕੇ ਵੈਂਟੀਲੇਟਰ, ਸੀਟੀ ਸਕੈਨਰ ਅਤੇ ਸਰਜੀਕਲ ਰੋਬੋਟ ਵਰਗੇ ਹੋਰ ਗੁੰਝਲਦਾਰ ਉਪਕਰਣਾਂ ਤੱਕ, ਯੰਤਰਾਂ ਦੀ ਇੱਕ ਵਧਦੀ ਸ਼੍ਰੇਣੀ ਦਾ ਨਿਰਮਾਣ ਕਰ ਰਿਹਾ ਹੈ। ਐਸਐਸਆਈ-ਮੰਤਰ: ਇੱਕ ਮਹੱਤਵਪੂਰਨ ਉਦਾਹਰਣ ਪਹਿਲੀ ਵਾਰ ਮੇਡ-ਇਨ-ਇੰਡੀਆ ਸਰਜੀਕਲ ਰੋਬੋਟਿਕ ਪ੍ਰਣਾਲੀ ਹੈ, ਜੋ ਕਿ ਮੈਡੀਕਲ-ਟੈਕ ਸਟਾਰਟਅੱਪ ਐਸਐਸ ਇਨੋਵੇਸ਼ਨ ਦੁਆਰਾ ਵਿਕਸਤ ਕੀਤੀ ਗਈ ਹੈ, ਅਤੇ ਨਵੀਂ ਦਿੱਲੀ ਦੇ ਰਾਜੀਵ ਗਾਂਧੀ ਕੈਂਸਰ ਇੰਸਟੀਚਿਊਟ ਵਿੱਚ ਤਾਇਨਾਤ ਕੀਤੀ ਗਈ ਹੈ। ਮੈਡੀਸਿਸ: ਭਾਰਤ ਦੀਆਂ ਸਭ ਤੋਂ ਪੁਰਾਣੀਆਂ ਮੈਡੀਕਲ ਉਪਕਰਣ ਕੰਪਨੀਆਂ ਵਿੱਚੋਂ ਇੱਕ, ਮੈਡੀਸਿਸ, ਦਾ ਦੇਸ਼ ਦਾ ਪਹਿਲਾ ਸਵਦੇਸ਼ੀ ਤੌਰ ’ਤੇ ਬਣਿਆ ਵੈਂਟੀਲੇਟਰ ਵਿਕਸਤ ਕਰਨ ਦਾ ਇਤਿਹਾਸ ਰਿਹਾ ਹੈ ਅਤੇ ਹੁਣ ਇਹ ਰੇਡੀਓਲੋਜੀ ਅਤੇ ਓਨਕੋਲੋਜੀ ਉਪਕਰਣਾਂ ਨੂੰ ਸ਼ਾਮਲ ਕਰਨ ਲਈ ਆਪਣੇ ਨਿਰਮਾਣ ਦਾ ਵਿਸਤਾਰ ਕਰ ਰਹੀ ਹੈ। ਡਿਜੀਟਲ ਸਿਹਤ ਅਤੇ ਏਆਈ: ਭਾਰਤੀ ਸਿਹਤ-ਤਕਨੀਕੀ ਸਟਾਰਟਅੱਪ ਨਵੀਨਤਾਕਾਰੀ ਹੱਲ ਬਣਾਉਣ ਲਈ ਏਆਈ, ਵੱਡੇ ਡੇਟਾ ਅਤੇ ਟੈਲੀਹੈਲਥ ਦਾ ਲਾਭ ਉਠਾ ਰਹੇ ਹਨ। ਏਆਈ-ਸੰਚਾਲਿਤ ਡਾਇਗਨੌਸਟਿਕਸ: ਰਿਵੀਲ ਹੈਲਥਟੈਕ ਵਰਗੀਆਂ ਕੰਪਨੀਆਂ ਏਆਈ ਹੱਲ ਵਿਕਸਤ ਕਰ ਰਹੀਆਂ ਹਨ ਜੋ ਓਨਕੋਲੋਜੀ ਅਤੇ ਕਲੀਨਿਕਲ ਟਰਾਇਲਾਂ ਵਰਗੇ ਖੇਤਰਾਂ ਵਿੱਚ ਸਹਾਇਤਾ ਲਈ ਇਲੈਕਟ ?ਰਾਨਿਕ ਹੈਲਥ ਰਿਕਾਰਡ ਤੋਂ ਸਟ ?ਰਕਚਰਡ ਡੇਟਾ ਨੂੰ ਮੈਡੀਕਲ ਚਿੱਤਰਾਂ ਨਾਲ ਜੋੜਦੀਆਂ ਹਨ।



ਟੈਲੀਹੈਲਥ ਅਤੇ ਰਿਮੋਟ ਕੇਅਰ: ਟੈਲੀਹੈਲਥ ਨੂੰ ਅਪਣਾਉਣ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਰਿਮੋਟ ਸਲਾਹ-ਮਸ਼ਵਰੇ ਅਤੇ ਘਰ-ਘਰ ਡਾਇਗਨੌਸਟਿਕ ਸੇਵਾਵਾਂ ਦੀ ਆਗਿਆ ਮਿਲਦੀ ਹੈ, ਜਿਸ ਨਾਲ ਦੂਰ-ਦੁਰਾਡੇ ਖੇਤਰਾਂ ਵਿੱਚ ਸਿਹਤ ਸੰਭਾਲ ਵਧੇਰੇ ਪਹੁੰਚਯੋਗ ਬਣ ਗਈ ਹੈ।

ਖੋਜ ਅਤੇ ਵਿਕਾਸ: ਭਾਰਤੀ ਖੋਜ ਸੰਸਥਾਵਾਂ ਸਿਹਤ ਸੰਭਾਲ ਨਵੀਨਤਾ ਨੂੰ ਅੱਗੇ ਵਧਾਉਣ ਲਈ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਸਹਿਯੋਗ ਕਰ ਰਹੀਆਂ ਹਨ। ਆਈਆਈਟੀ ਮਦਰਾਸ ਨੇ ਸਕੇਲੇਬਲ, ਏਆਈ-ਸੰਚਾਲਿਤ ਐਪਲੀਕੇਸ਼ਨਾਂ ਅਤੇ ਘੱਟ ਲਾਗਤ ਵਾਲੇ ਡਾਇਗਨੌਸਟਿਕਸ ਵਿਕਸਤ ਕਰਨ ਲਈ ਅਮਰੀਕਾ ਵਿੱਚ ਐਲਐਸਯੂ ਹੈਲਥ ਨਾਲ ਭਾਈਵਾਲੀ ਕੀਤੀ ਹੈ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈਸੀਐਮਆਰ) ਉਦਯੋਗ ਦੇ ਭਾਈਵਾਲਾਂ ਨੂੰ ਘਰੇਲੂ ਤਕਨਾਲੋਜੀਆਂ ਦਾ ਲਾਇਸੈਂਸ ਦੇ ਕੇ, ਜਨਤਕ ਖੋਜ ਤੋਂ ਵੱਡੇ ਪੱਧਰ ’ਤੇ ਲਾਗੂ ਕਰਨ ਲਈ ਨਵੀਨਤਾਵਾਂ ਦੇ ਤਬਾਦਲੇ ਨੂੰ ਤੇਜ਼ ਕਰਕੇ ਵੀ ਇੱਕ ਮੁੱਖ ਭੂਮਿਕਾ ਨਿਭਾਉਂਦਾ ਹੈ। ਦੇਖਭਾਲ ਉਨ੍ਹਾਂ ਦੇ ਦਰਵਾਜ਼ੇ ’ਤੇ ਆਉਂਦੀ ਹੈ।

ਈਕੋਸਿਸਟਮ ਮੇਡ ਇਨ ਇੰਡੀਆ ਹਸਪਤਾਲਾਂ ਦੇ ਉਭਾਰ ਨੂੰ ਇੱਕ ਮਜ਼ਬੂਤ ਈਕੋਸਿਸਟਮ ਦੁਆਰਾ ਸਮਰਥਨ ਪ੍ਰਾਪਤ ਹੈ ਜਿਸ ਵਿੱਚ ਸ਼ਾਮਲ ਹਨ:

ਮੈਡੀਕਲ ਡਿਵਾਈਸ ਪਾਰਕ: ਸਰਕਾਰ ਨੋਇਡਾ ਵਰਗੇ ਮੈਡੀਕਲ ਡਿਵਾਈਸ ਪਾਰਕ ਸਥਾਪਤ ਕਰ ਰਹੀ ਹੈ, ਤਾਂ ਜੋ ਨਿਰਮਾਣ ਅਤੇ ਖੋਜ ਲਈ ਹੱਬ ਬਣਾਏ ਜਾ ਸਕਣ, ਕੰਪਨੀਆਂ ਨੂੰ ਨਵੀਨਤਾ ਅਤੇ ਸਕੇਲ ਕਰਨ ਲਈ ਇੱਕ ਅਨੁਕੂਲ ਵਾਤਾਵਰਣ ਪ੍ਰਦਾਨ ਕੀਤਾ ਜਾ ਸਕੇ।

ਸਹਾਇਕ ਨੀਤੀਆਂ: ਸਰਕਾਰੀ ਪਹਿਲਕਦਮੀਆਂ ਅਤੇ ਨੀਤੀਆਂ, ਜਿਵੇਂ ਕਿ ਮੈਡੀਕਲ ਇਨੋਵੇਸ਼ਨ- ਪੇਟੈਂਟ ਮਿੱਤਰਾ ਪਹਿਲਕਦਮੀ, ਪੇਟੈਂਟ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਜਨਤਕ ਤੌਰ ’ਤੇ ਫੰਡ ਪ੍ਰਾਪਤ ਸਿਹਤ ਸੰਭਾਲ ਨਵੀਨਤਾਵਾਂ ਦੇ ਵਪਾਰੀਕਰਨ ਨੂੰ ਤੇਜ਼ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਸਿੱਟੇ ਵਜੋਂ, ਭਾਰਤ ਦਾ ਸਿਹਤ ਸੰਭਾਲ ਖੇਤਰ ਇੱਕ ਤਬਦੀਲੀ ਵਿੱਚੋਂ ਗੁਜ਼ਰ ਰਿਹਾ ਹੈ, ਜਿਸ ਵਿੱਚ ਮੇਡ ਇਨ ਇੰਡੀਆ ਹਸਪਤਾਲ ਅਤੇ ਤਕਨਾਲੋਜੀਆਂ ਮੋਹਰੀ ਹਨ। ਮੈਡੀਕਲ ਉਪਕਰਣਾਂ ਅਤੇ ਡਿਜੀਟਲ ਸਿਹਤ ਵਿੱਚ ਅਤਿ-ਆਧੁਨਿਕ ਨਵੀਨਤਾਵਾਂ ਦੇ ਨਾਲ ਕਿਫਾਇਤੀ ’ਤੇ ਧਿਆਨ ਕੇਂਦਰਿਤ ਕਰਕੇ, ਦੇਸ਼ ਇੱਕ ਅਜਿਹਾ ਮਾਡਲ ਤਿਆਰ ਕਰ ਰਿਹਾ ਹੈ ਜੋ ਨਾ ਸਿਰਫ਼ ਆਪਣੀਆਂ ਸਿਹਤ ਸੰਭਾਲ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ ਬਲਕਿ ਪਹੁੰਚਯੋਗ ਅਤੇ ਉੱਚ-ਤਕਨੀਕੀ ਡਾਕਟਰੀ ਹੱਲਾਂ ਵਿੱਚ ਆਪਣੇ ਆਪ ਨੂੰ ਇੱਕ ਵਿਸ਼ਵਵਿਆਪੀ ਨੇਤਾ ਵਜੋਂ ਵੀ ਸਥਾਪਿਤ ਕਰਦਾ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਉੱਘੇ ਸਿੱਖਿਆ**
**ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ.**
**ਮਲੋਟ ਪੰਜਾਬ**

# ਡਿਪਟੀ ਕਮਿਸ਼ਨਰ ਨੇ ਵਰਧਮਾਨ ਸਪੈਸ਼ਲ ਸਟੀਲਜ਼ ਦਾ ਹੜ੍ਹ ਰਾਹਤ ਕਾਰਜਾਂ ਵਿੱਚ 10 ਲੱਖ ਰੁਪਏ ਦਾ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ

ਲੁਧਿਆਣਾ, (ਸੁਖਚੈਨ ਮਹਿਰਾ)- ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ (ਵੀ.ਐਸ.ਐਸ.ਐਲ) ਨੂੰ ਹੜ੍ਹ ਖੇਤਰ ਵਿੱਚ ਹੜ੍ਹ ਰਾਹਤ ਕਾਰਜਾਂ ਲਈ 10 ਲੱਖ ਰੁਪਏ ਦੇ ਉਦਾਰ ਦਾਨ ਲਈ ਆਪਣੀ ਦਿਲੋਂ ਪ੍ਰਸ਼ੰਸਾ ਕੀਤੀ। ਐਸ.ਐਸ.ਐਲ ਦੇ ਪ੍ਰਤੀਨਿਧੀਆਂ ਅਮਿਤ ਧਵਨ ਨੇ ਇਸਦੇ ਵਾਈਸ ਚੇਅਰਮੈਨ ਸਚਿਤ ਜੈਨ ਵੱਲੋਂ ਡਿਪਟੀ ਕਮਿਸ਼ਨਰ ਨੂੰ ਚੈੱਕ ਸੌਂਪਿਆ। ਡਿਪਟੀ ਕਮਿਸ਼ਨਰ ਨੇ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਪ੍ਰਸ਼ਾਸਨ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਅਤੇ ਇਸਦੇ ਪ੍ਰਬੰਧਨ ਦਾ ਸਮੇਂ ਸਿਰ ਅਤੇ ਉਦਾਰ ਸਮਰਥਨ ਲਈ ਬਹੁਤ ਧੰਨਵਾਦੀ ਹੈ। ਇਹ ਯੋਗਦਾਨ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮਹੱਤਵਪੂਰਨ ਸਹਾਇਤਾ ਕਰੇਗਾ।



# ਹੜ੍ਹਾ ਦੀ ਮਾਰ ਹੇਠ ਆਏ ਲੋਕਾਂ ਨੂੰ ਦੂਸ਼ਿਤ ਪਾਣੀ ਪੀਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ : ਡਾਕਟਰ ਹਰਜੀਤ ਸਿੰਘ

ਹੁਸ਼ਿਆਰਪੁਰ (ਤਰਸੇਮ ਦੀਵਾਨਾ ) ਹੜ੍ਹਾ ਕਰਕੇ ਪਾਣੀ ਦੀ ਮਾਰ ਹੇਠ ਆਏ ਵੱਖ ਵੱਖ ਪਿੰਡਾਂ ਵਿੱਚ ਹੁਣ ਦੂਸ਼ਿਤ ਪਾਣੀ ਪੀਣ ਨਾਲ ਲੋਕਾਂ ਨੂੰ ਦਸਤ, ਚਮੜੀ ਦੇ ਰੋਗਾਂ ਸਮੇਤ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗਣ ਦਾ ਖਤਰਾ ਬਣ ਗਿਆ ਹੈ ਲੋਕਾਂ ਨੂੰ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਕਰਵਾਇਆ ਜਾਣਾ ਅਤਿ ਜ਼ਰੂਰੀ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਐਸ ਐਸ ਮੈਡੀਸਿਟੀ ਹਸਪਤਾਲ ਮੁਕੇਰੀਆਂ ਦੇ ਐਮਡੀ ਡਾਕਟਰ ਹਰਜੀਤ ਸਿੰਘ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਇਹਨਾਂ ਦਿਨਾਂ ਵਿੱਚ ਬੇਸ਼ੱਕ ਕਈ ਪਿੰਡਾਂ ਵਿੱਚ ਹੁਣ ਪਾਣੀ ਦਾ ਪੱਧਰ ਘੱਟ ਗਿਆ ਹੈ। ਪਰ ਹੜਾਂ ਕਾਰਨ ਹਰ ਪਾਸੇ ਗੰਦਗੀ,ਮੱਖੀਆਂ



ਅਤੇ ਮੱਛਰਾਂ ਦੀ ਭਰਮਾਰ ਹੈ। ਉਹਨਾਂ ਕਿਹਾ ਕਿ ਦੂਸ਼ਿਤ ਪਾਣੀ ਪੀਣ ਦੇ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ ਜੋ ਉਹਨਾਂ ਦੀ ਸਿਹਤ ਲਈ ਹਾਨੀਕਾਰਕ ਹੋਣਗੀਆਂ। ਉਹਨਾਂ ਕਿਹਾ ਕਿ ਡੇਂਗੂ,ਮਲੇਰੀਆ ਅਤੇ ਚਮੜੀ ਦੇ ਰੋਗ ਵੀ ਇਹਨਾਂ ਦਿਨਾਂ ਵਿੱਚ ਜਿਆਦਾ ਨੁਕਸਾਨ ਕਰ ਸਕਦੇ ਹਨ। ਉਹਨਾਂ ਕਿਹਾ ਕਿ ਕੀੜਿਆਂ ਦੇ ਕੱਟਣ ਨਾਲ ਵੀ ਲੋਕਾਂ ਦੀ ਸਿਹਤ ਵਿਗੜ ਸਕਦੀ ਹੈ।ਇਸ ਲਈ ਲੋਕਾਂ ਨੂੰ ਪੂਰੀ ਤਰਾ ਸਾਵਧਾਨ ਰਹਿਣ ਦੀ ਲੋੜ ਹੈ ! ਉਹਨਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੀਣ ਵਾਲੇ ਪਾਣੀ ਸ਼ੁੱਧਤਾ ਵੱਲ ਖਾਸ ਧਿਆਨ ਰੱਖਣ ਅਤੇ ਇਹ ਕੋਸ਼ਿਸ਼ ਕੀਤੀ ਜਾਵੇ ਕਿ ਬੋਤਲ ਵਿੱਚ ਬੰਦ ਸ਼ੁੱਧ ਪਾਣੀ ਹੀ ਪੀਤਾ ਜਾਵੇ ਅਤੇ ਜੇਕਰ ਘਰ ਦੇ ਸਮਰਸੀਬਲ ਜਾਂ ਨਲਕੇ ਦਾ ਪਾਣੀ ਪੀਣਾ ਹੈ ਤਾਂ ਉਸ ਨੂੰ ਪਹਿਲਾ ਉਬਾਲਿਆ ਜਾਵੇ ਅਤੇ ਫੇਰ ਪੀਤਾ ਜਾਵੇ । ਉਹਨਾਂ ਕਿਹਾ ਕਿ ਕਿਸੇ ਵੀ ਤਰੀਕੇ ਦੇ ਨਾਲ ਪਾਣੀ ਜਾਂ ਮਿੱਟੀ ਦੇ ਸੰਪਰਕ ਵਿੱਚ ਆਈ ਕਿਸੇ ਵੀ ਚੀਜ਼ ਦਾ ਸੇਵਨ ਨਾ ਕੀਤਾ ਜਾਵੇ ਤਾਂ ਬਹੁਤ ਚੰਗਾ ਹੋਵੇਗਾ । ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਚਮੜੀ ਦੇ ਰੋਗਾਂ ਤੋਂ ਬਚਾ ਲਈ ਇਹਨਾਂ ਦਿਨਾਂ ਵਿੱਚ ਪੂਰੀ ਤਰ੍ਹਾਂ ਸੁੱਕੇ ਅਤੇ ਸਾਫ ਸੁਥਰੇ ਕੱਪੜੇ ਹੀ ਪਾਏ ਜਾਣ।

# ਹੜ ਪ੍ਰਭਾਵਿਤ ਪਿੰਡਾਂ ਚ ਲਗਾਏ ਜਾ ਰਹੇ ਹਨ ਮੁਫਤ ਕੈਂਪ, ਡਾ. ਇੰਦਰਜੀਤ ਰਾਣਾ

(ਡਾ.ਰਮੇਸ਼ ਸਰੰਗਲ ) ਪੰਜਾਬ ਇਸ ਸਮੇਂ ਭਾਰੀ ਬਰਸਾਤ ਦੀ ਸਮੱਸਿਆ ਨਾਲ ਜੂਝ ਰਿਹਾ ਹੈ੍ ਕੀ ਸ਼ਹਿਰ, ਕੀ ਪਿੰਡ, ਹਰ ਪਾਸੇ ਸਿਰਫ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ੍ ਇਸ ਪਾਣੀ ਦੇ ਵਿੱਚ ਲੋਕਾਂ ਨੇ ਆਪਣੇ ਆਪਣਿਆਂ ਨੂੰ ਤਾਂ ਖੋਇਆ ਹੀ ਹੈ, ਬਲਕਿ ਉਹਨਾਂ ਦੀ ਆਪਣੀ ਸਿਹਤ ਵੀ ਦਾਅ ਤੇ ਲੱਗੀ ਹੋਈ ਹੈ੍ ਗੰਦੇ ਪਾਣੀ ਦੇ ਕਾਰਨ ਹੋਣ ਵਾਲੇ ਰੋਗਾਂ, ਮੱਖੀਆਂ, ਮੱਛਰਾਂ, ਚੂਹੇ, ਸੱਪਾਂ ਨੇ ਹੜ ਪ੍ਰਭਾਵਿਤ ਇਹਨਾਂ ਲੋਕਾਂ ਦੀਆ ਮੁਸ਼ਕਿਲਾ ਨੂੰ ਹੋਰ ਕਈ ਗੁਨਾ ਵਧਾ ਦਿੱਤਾ ਹੈ੍ ਇਹਨਾਂ ਲੋਕਾਂ ਦੀ ਮਦਦ ਦੇ ਲਈ ਬਲਾਕ ਦੀਨਾ ਨਗਰ ਦੇ ਪਿੰਡਾਂ ਕਾਹਨਾਂ, ਠੱਠੀ, ਫਰੀਦਪੁਰ ਵਿਖੇ ਇੱਛਾਧਾਰੀ ਨਾਗ ਦੇਵਤਾ ਮੰਦਰ, ਪਰਮਾਨੰਦ ਤੋਂ ਬਾਬਾ ਲਵ ਮੁਨੀ, ਬਾਬਾ ਬੋਹੜ ਸ਼ਾਹ ਪ੍ਰਬੰਧਕ ਕਮੇਟੀ ਤੋਂ ਪ੍ਰਤਾਪ ਸਿੰਘ ਜੱਜ ਅਤੇ ਮਾਨਵ ਪਰਿਵਾਰ ( ਮਾਨਵ ਸੋਸਲ ਸਰਕਲ ਯੂਥ ਕਲੱਬ) ਦੇ ਸਹਿਯੋਗ ਨਾਲ ਮੈਡੀਕਲ ਸਹਾਇਤਾ ਕੈਂਪ ਲਗਾਇਆ ਗਿਆ੍



ਇਸ ਕੈਂਪ ਦੇ ਵਿੱਚ ਸਿਹਤ ਵਿਭਾਗ ਦੀਨਾ ਨਗਰ ਸਿੰਘੋਵਾਲ ਤੋਂ ਹੋਮਿਓਪੈਥੀ ਮੈਡੀਕਲ ਅਫਸਰ ਡਾਕਟਰ ਇੰਦਰਜੀਤ ਸਿੰਘ ਰਾਣਾ ਨੇ ਆਪਣੀ ਟੀਮ ਨਾਲ ਪਹੁੰਚ ਕੇ ਜਰੂਰਤਮੰਦ ਲੋਕਾਂ ਨੂੰ ਚਿਕਿਤਸਕੀ ਸਲਾਹ ਅਤੇ ਜਾਂਚ ਕਰਨ ਉਪਰੰਤ ਦਵਾਈਆਂ ਦਿੱਤੀਆ੍ਂ ਇਹਨਾਂ ਪਿੰਡਾਂ ਵਿੱਚ 336 ਮਰੀਜ਼ਾਂ ਦਾ ਨਿਰੀਖਣ ਕਰਕੇ ਉਹਨਾਂ ਨੂੰ ਦਵਾਈਆਂ ਦਿੱਤੀਆਂ

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਪੰਜਾਬੀਆਂ ਪ੍ਰਤੀ ਆਪਣਾ ਹੇਜ ਜੱਗ ਜਾਹਰ ਕਰਨ-ਸੰਤ ਸ਼ਮਸ਼ੇਰ ਸਿੰਘ ਜਗੇੜਾ

ਲੁਧਿਆਣਾ (ਵਰਿੰਦਰ ਪ੍ਰਕਾਸ਼ ਭਾਂਬਰੀ / ਸੁਖਚੈਨ ਮਹਿਰਾ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖ ਧਰਮ ਪ੍ਰਤੀ ਬਹੁਤ ਆਸਥਾ ਹੈ ਅਤੇ ਇਹ ਗੱਲ ਜੱਗ ਜਾਹਰ ਹੈ ਸ਼੍ਰੀ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨ ਦੀਦਾਰੇ ਸਮੇਤ ਮੋਦੀ ਨੇ ਆਪਣੇ ਕਾਰਜ ਕਾਲ ਵਿੱਚ ਸਿੱਖਾਂ ਦੇ ਕਈ ਮਸਲੇ ਹੱਲ ਕੀਤੇ ਹਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇੰਟਰਨੈਸ਼ਨਲ ਸੰਤ ਸਮਾਜ ਦੇ ਪ੍ਰਧਾਨ ਸੰਤ ਸ਼ਮਸ਼ੇਰ ਸਿੰਘ ਜਗੇੜਾ ਨੇ ਜਮਾਲਪੁਰ ਵਿਖੇ ਸੁਰਿੰਦਰ ਸਿੰਘ ਦੇ ਗ੍ਰਹਿ ਵਿਖੇ ਕਹੇ ਓਹਨਾ ਆਖਿਆ ਕਿ ਪੰਜਾਬ ਹੜ ਨਾਲ ਤ੍ਰਾਹੀ ਤ੍ਰਾਹੀ ਕਰ ਰਿਹਾ ਹੈ ਅਤੇ ਹੁਣ ਪ੍ਰਧਾਨ ਮੰਤਰੀ ਮੋਦੀ ਲਈ ਸਿੱਖਾਂ ਪ੍ਰਤੀ ਆਪਣਾ ਪਿਆਰ ਦਿਖਾਉਣ ਦਾ ਮੌਕਾ ਹੈ ਸੋ ਇਹ ਕੇਂਦਰ ਵੱਲੋਂ ਦਿਲ ਖੋਲ ਕੇ ਪੰਜਾਬ ਹੜ ਪੀੜਤਾਂ ਲਈ ਪੈਕੇਜ ਦਾ ਐਲਾਨ ਕਰਨ ਤਾਂ ਕੇ ਵਿਰੋਧੀਆਂ ਨੂੰ ਵੀ ਪਤਾ ਲੱਗ ਸਕੇ ਕਿ ਨਰਿੰਦਰ ਮੋਦੀ ਸਿੱਖਾਂ ਅਤੇ ਪੰਜਾਬੀਆਂ ਪ੍ਰਤੀ ਇਮਾਨਦਾਰ ਸੋਚ ਅਤੇ ਦਿਲੋਂ ਸਨੇਹ ਰੱਖਦੇ ਹਨ। ਇਸ ਮੌਕੇ ਸ਼ਿੰਗਾਰਾ ਸਿੰਘ , ਗੁਰਸੇਵਕ ਸਿੰਘ , ਹਰਜਿੰਦਰ ਸਿੰਘ, ਸ਼ਬਦ ਜੋਤ ਸਿੰਘ ਆਦਿ ਪ੍ਰਮੁੱਖ ਤੌਰ ਤੇ ਹਾਜਿਰ ਸਨ।



# ਸ਼ਹਿਰ ਤਪਾ ਅੰਦਰ ਲੋੜਵੰਦ ਪਰਿਵਾਰਾਂ ਦੇ ਘਰਾਂ ਦੀਆਂ ਛੱਤਾਂ ਡਿੱਗਣ ਨਾਲ ਹੋਇਆ ਬਹੁਤ ਨੁਕਸਾਨ

ਬਰਨਾਲਾ (ਗੋਇਲ) : ਇਲਾਕੇ ਅੰਦਰ ਪਿਛਲੇ ਦਿਨਾਂ ’ਚ ਪਈ ਬਰਸਾਤ ਦੀ ਮਾਰ ਅਜੇ ਤਕ ਲੋੜਵੰਦ ਲੋਕਾਂ ਨੂੰ ਝੱਲਣੀ ਪੈ ਰਹੀ ਹੈ, ਕਿਉਂਕਿ ਬਰਸਾਤ ਦੇ ਪਾਣੀ ਕਾਰਨ ਕੰਧਾਂ ਚ ਆਈਆਂ ਤਰੇੜਾਂ ਨਾਲ ਛੱਤਾਂ ਦਾ ਡਿੱਗਣਾ ਨਿਰਵਿਘਨ ਜਾਰੀ ਹੈ। ਇਸ ਤਹਿਤ ਵਾਰਡ ਨੰਬਰ 10 ਬਾਜੀਗਰ ਬਸਤੀ ਤਪਾ ’ਚ ਇਕ ਲੋੜਵੰਦ ਪਰਿਵਾਰ ਦੇ ਮਕਾਨ ਦੀ ਛੱਤ ਡਿੱਗਣ ਕਾਰਨ ਭਾਰੀ ਨੁਕਸਾਨ ਹੋ ਗਿਆ। ਇਸ ਸਬੰਧੀ ਘਰ ਦੇ ਮਾਲਕ ਕੁਲਦੀਪ ਸਿੰਘ ਵਾਸੀ ਬਾਜੀਗਰ ਬਸਤੀ ਤਪਾ ਵਾਰਡ ਨੰਬਰ 10 ਨੇ ਦੱਸਿਆ ਕਿ ਦੋ ਦਿਨ ਤੋਂ ਮੌਸਮ ਸਾਫ ਅਤੇ ਧੁੱਪ ਨਿਕਲਣ ਕਾਰਨ ਲੋਕਾਂ ਨੇ ਕੁਝ ਸੁਖ ਦਾ ਸਾਹ ਲਿਆ ਸੀ, ਪਰ ਮੀਂਹ ਰੁਕਣ ਤੋਂ ਬਾਅਦ ਉਕਤ ਮਕਾਨ ਦੀ ਛੱਤ ਡਿੱਗਣ ਕਾਰਨ ਘਰੇਲੂ ਸਮਾਨ ਮਲਬੇ ਹੇਠਾਂ ਆਉਣ ਕਾਰਨ ਨੁਕਸਾਨਿਆ ਗਿਆ। ਜਦ ਇਸ ਘਟਨਾ ਬਾਰੇ ਪੱਲੇਦਾਰ ਯੂਨੀਅਨ ਜਿਲਾ ਬਰਨਾਲਾ ਪ੍ਰਧਾਨ ਹੈਪੀ ਸਿੰਘ ਨੇ ਘਰ ਪਹੁੰਚੇ ਤਾਂ ਦੇਖਿਆ ਕਿ ਪਰਿਵਾਰ ਦਾ ਨੁਕਸਾਨ ਹੋ ਗਿਆ ਹੈ। ਉਨ੍ਹਾਂ ਸਰਕਾਰ ਤੋਂ ਮੁਆਵਜੇ ਦੀ ਮੰਗ ਕੀਤੀ ਹੈ।



# ਇਲਾਕੇ ਵਿੱਚ ਇਕੱਲਾ ਐਨ.ਸੀ.ਸੀ. ਯੂਨਿਟ ਰੈਗੂਲਰ ਹੋਣ ਵਾਲਾ ਸਕੂਲ

ਬਰਨਾਲਾ (ਗੋਇਲ)ਇਲਾਕੇ ਦੀ ਨਾਮਵਰ ਸੰਸਥਾਂ ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿੱਚ ਐਨ.ਸੀ .ਸੀ .ਯੂਨਿਟ ਸੈਲਫ ਫਾਇਨਾਂਸ ਦੇ ਅੰਡਰ ਚੱਲ ਰਹੀ ਸੀ ਜਿਸਨੂੰ ਐਨ.ਸੀ .ਸੀ 20 ਪੀ .ਬੀ . ਬਠਿੰਡਾ ਦੁਆਰਾ ਰੈਗੂਲਰ ਕਰ ਦਿੱਤਾ ਗਿਆ ਹੈ ਇਹ ਇਲਾਕੇ ਦਾ ਇਕੱਲਾ ਅਜਿਹਾ ਸਕੂਲ ਹੈ ਜਿਸ ਵਿੱਚ ਐਨ.ਸੀ .ਸੀ .ਯੂਨਿਟ ਰੈਗੂਲਰ ਕਰ ਦਿੱਤੀ ਗਈ ਹੈ ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਸ਼ ?ਰੀਮਤੀ ਮੋਨਿਕਾ ਗਰਗ ਨੇ ਕਿਹਾ ਕੇ ਐਨ.ਸੀ .ਸੀ .ਯੂਨਿਟ ਰੈਗੂਲਰ ਹੋਣ ਦੇ ਨਾਲ ਮਾਪਿਆਂ ਉੱਪਰ ਪੈਣ ਵਾਲਾ ਵਿੱਤੀ ਬੋਜ ਘਟੇਗਾ ਉਹਨਾਂ ਨੇ ਅੱਗੇ ਕਿਹਾ ਕਿ ਐਨ.ਸੀ .ਸੀ ਇੱਕ ਤਿੰਨ-ਸੇਵਾ ਸੰਗਠਨ ਹੈ ਜਿਸ ਵਿੱਚ ਫੌਜ, ਜਲ ਸੈਨਾ ਅਤੇ ਹਵਾਈ ਵਿੰਗ ਸ਼ਾਮਲ ਹਨ। ਇਹ ਨੌਜਵਾਨਾਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੇ ਹਨ ਅਤੇ ਦੇਸ਼ ਭਗਤ ਬਣਾਉਦੇ ਹਨ । ਇਸ ਵਿੱਚ ਵਿਦਿਆਰਥੀਆਂ ਨੂੰ ਪੇਸ਼ੇਵਰ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿੱਚ ਮਾਰਚਿੰਗ, ਹਥਿਆਰਾਂ ਦੀ ਸਿਖਲਾਈ ਅਤੇ ਮੁੱਢਲੀ ਸਹਾਇਤਾ ਸ਼ਾਮਲ ਹੈ।ਇਸਦੀ ਸਹਾਇਤਾ ਨਾਲ ਵਿਦਿਆਰਥੀ ਸਵੈ ਮਾਣ



ਨਾਲ ਜੀਣਾ ਅਤੇ ਦੂਜਿਆਂ ਲਈ ਜੀਣਾ ਅਤੇ ਕੰਮ ਕਰਨਾ ਸਿੱਖਦੇ ਹਨ। ਅੱਗੇ ਉਨ੍ਹਾਂ ਨੇ ਦੱਸਿਆ ਕਿ ਦਸਵੀਂ ਜਮਾਤ ਦੇ ਬੱਚਿਆਂ ਨੂੰ 6000 ਰੁਪਏ ਵਜੀਫਾ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ 12000 ਰੁਪਏ ਵਜੀਫਾ ਮਿਲਦਾ ਹੈ ਇਸ ਤੋਂ ਬਿਨਾ ਜੇਕਰ ਵਿਦਿਆਰਥੀ (ਸੀ) ਸਰਟੀਫਿਕੇਟ ਪ੍ਰਾਪਤ ਕਰ ਲੈਂਦਾ ਹੈ ਤਾਂ ਫੌਜ ਦੀ ਭਰਤੀ ਵਿੱਚ ਅਫਸਰ ਦੇ ਅਹੁਦਾ ਦੇ ਲਈ ਸਿਰਫ ਲਿਖਤੀ ਪ੍ਰੀਖਿਆ ਲਈ ਜਾਂਦੀ ਹੈ ਉਸਦਾ ਕੋਈ ਵੀ ਸਰੀਰਕ ਟੈਸਟ ਨਹੀਂ ਲਿਆ ਜਾਂਦਾ ਹੋਰ ਪੰਜਾਬ ਪੁਲਿਸ ,ਸੀ .ਆਰ.ਪੀ. ਐਫ,ਬੀ .ਐਸ.ਐਫ . ਅਤੇ ਹੋਰ ਅਰਦ ਸੈਨਾ ਬਲ ਦੇ ਵਿੱਚ ਵੱਡੀ ਛੋਟ ਦਿੱਤੀ ਜਾਂਦੀ ਹੈ



ਜਲੰਧਰ ਚ ਹੋ ਰਹੇ ਸ਼ਿਵ ਕਥਾ ਤੇ ਮਹਾਯਗਅ ਵਿਚ ਸ਼ਾਮਿਲ ਹੋਣ ਲਈ ਮੁੱਖ ਸੰਪਾਦਕ ਅਮਨ ਮਹਿਰਾ ਨੂੰ ਸੱਦਾ ਦੇਣ ਆਏ ਸ਼੍ਰੀ ਨਰਾਇਣ ਸੇਵਾ ਸਮਿਤੀ ਨਰਾਇਣ ਸੰਕੀਰਨ ਮਹਿਲਾ ਮੰਡਲ ਦੇ ਅਹੁਦੇਦਾਰ ਤੇ ਸੁਆਮੀ ਮੋਟਰ ਦੇ ਮਾਲਕ ਬੱਬੂ, ਲਾਡੀ ਤੇ ਵੇਦ ਪ੍ਰਕਾਸ਼ ਹਾਜ਼ਰ ਸਨ। ਫੋਟੋ ਤੇ ਵੇਰਵਾ ਲੋਕ ਬਾਣੀ

# ਪਹਿਲਾਂ ਹੜ੍ਹ ਦੀ ਤ੍ਰਾਸਦੀ ਨਾਲ ਨਜਿੱਠ ਲਓ ਫਿਰ ਦੋਸ਼ ਲਗਾ ਲੈਣਾ - ਪ੍ਰੋ.ਦਰਬਾਰੀ ਲਾਲ

ਅੰਮ੍ਰਿਤਸਰ, (ਲੋਕ ਬਾਣੀ)- ਪੰਜਾਬ ਦੇ ਸਾਬਕਾ ਡਿਪਟੀ ਸਪੀਕਰ ਪ੍ਰੋ. ਦਰਬਾਰੀ ਲਾਲ ਨੇ ਆਗੂਆਂ ਵੱਲੋਂ ਹੜ੍ਹ ਸਬੰਧੀ ਦਿੱਤੇ ਗਏ ਬਿਆਨਾਂ 'ਤੇ ਕਿਹਾ ਹੈ ਕਿ ਪਹਿਲਾਂ ਹੜ੍ਹ ਦੀ ਤ੍ਰਾਸਦੀ ਵਿੱਚ ਫਸੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰੋ। ਫਿਰ ਆਪਣੇ ਰਾਜਨੀਤਿਕ ਉਦੇਸ਼ਾਂ ਨੂੰ ਪੂਰਾ ਕਰਨ ਲਈ ਇੱਕ ਦੂਜੇ 'ਤੇ ਖੁੱਲ੍ਹ ਕੇ ਦੋਸ਼ ਲਗਾਓ। ਸੰਕਟ ਦੇ ਇਸ ਸਮੇਂ ਇੱਕ ਦੂਜੇ 'ਤੇ ਦੋਸ਼ ਲਗਾਉਣ ਨਾਲ ਉਨ੍ਹਾਂ ਦਾ ਕੋਈ ਵੀ ਉਦੇਸ਼ ਪੂਰਾ ਨਹੀਂ ਹੋਵੇਗਾ, ਸਗੋਂ ਇਹ ਉਨ੍ਹਾਂ ਲੋਕਾਂ ਦੀ ਹਾਰ ਹੋਵੇਗੀ ਜੋ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਲੱਗੇ ਹੋਏ ਹਨ। ਇਸ ਸਮੇਂ, ਉਨ੍ਹਾਂ ਦੇ ਸ਼ਬਦ ਅਤੇ ਲਿਖਤਾਂ ਉਤਸ਼ਾਹਜਨਕ ਹੋਣੀਆਂ ਚਾਹੀਦੀਆਂ ਹਨ, ਨਿਰਾਸ਼ਾਜਨਕ ਨਹੀਂ। ਪ੍ਰੋ. ਲਾਲ ਨੇ ਕਿਹਾ ਕਿ ਪਹਾੜਾਂ ਅਤੇ ਮੈਦਾਨਾਂ ਵਿੱਚ ਭਾਰੀ ਬਾਰਸ਼, ਵਾਰ-ਵਾਰ ਬੱਦਲ ਫਟਣ ਅਤੇ ਦਰਿਆਵਾਂ ਵਿੱਚ ਪਾਣੀ ਦੇ ਪੱਧਰ ਦੇ ਵਧਣ ਕਾਰਨ ਆਏ ਹੜ੍ਹ ਕੁਦਰਤੀ ਹਨ ਜਾਂ ਮਨੁੱਖ ਦੁਆਰਾ ਬਣਾਏ ਗਏ ਹਨ। ਪਰ ਸਮੇਂ ਦੀ ਚੰਗਿਆਈ ਮੰਗ ਕਰਦੀ ਹੈ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਪਹਿਲਾਂ ਜ਼ਰੂਰੀ ਚੀਜ਼ਾਂ ਪ੍ਰਦਾਨ ਕੀਤੀਆਂ ਜਾਣ। ਪ੍ਰੋ. ਲਾਲ ਨੇ ਕਿਹਾ ਕਿ ਕੁਝ ਆਗੂ ਦਿੱਲੀ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ, ਜਦੋਂ ਕਿ ਕੁਝ ਪੰਜਾਬ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ। ਅਤੇ ਉਹ ਆਪਣੀ ਊਰਜਾ ਬੇਕਾਰ ਕੰਮਾਂ ਵਿੱਚ ਬਰਬਾਦ ਕਰ ਰਹੇ ਹਨ। ਲੰਬੇ ਲੇਖ ਲਿਖ ਕੇ, ਸਾਰਾ ਦੋਸ਼ ਸਰਕਾਰ 'ਤੇ ਮੜ੍ਹ ਦਿੱਤਾ ਜਾਂਦਾ ਹੈ। ਜਦੋਂ ਕਿ ਅਸਲੀਅਤ ਇਹ ਹੈ ਕਿ ਦੁਨੀਆ ਵਿੱਚ ਜਲਵਾਯੂ ਪਰਿਵਰਤਨ ਇਸਦਾ ਮੁੱਖ ਕਾਰਨ ਹੈ। ਭਾਰਤ ਦੇ ਨਾਲ-ਨਾਲ, ਕਈ ਹੋਰ ਦੇਸ਼ ਵੀ ਜ਼ਿਆਦਾ ਬਾਰਿਸ਼ ਕਾਰਨ ਆਏ ਹੜ੍ਹਾਂ ਦੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰ ਰਹੇ ਹਨ। ਪ੍ਰੋ. ਲਾਲ ਨੇ ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਦਿਨ-ਰਾਤ ਹੜ੍ਹ ਪੀੜਤਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਦੀ ਭਲਾਈ ਦੀ ਕਾਮਨਾ ਕੀਤੀ।



# ਹੜ੍ਹਾਂ ਦੌਰਾਨ ਬਿਮਾਰੀਆਂ ਤੋਂ ਬਚਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਗਈ ਐਡਵਾਈਜਰੀ

ਅੰਮ੍ਰਿਤਸਰ, (ਲੋਕ ਬਾਣੀ)- ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਮਾਨਯੋਗ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ, ਹੜ੍ਹਾਂ ਦੀ ਨਾਜ਼ੁਕ ਸਥਿਤੀ ਮੁੱਖ ਰੱਖਦਿਆਂ ਹੋਇਆਂ ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਐਡਵਾਈਜਰੀ ਜਾਰੀ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ.ਸਵਰਨਜੀਤ ਧਵਨ ਨੇ ਦੱਸਿਆ ਕਿ ਹੜ੍ਹ ਦੇ ਪਾਣੀ ਨਾਲ ਸਿੱਧਾ ਸੰਪਰਕ ਕਰਨ ਤੋਂ ਪ੍ਰਹੇਜ ਕਰੋ, ਇਸ ਨਾਲ ਚਮੜੀ ਦੇ ਰੋਗ ਹੋ ਸਕਦੇ ਹਨ ਜਿਵੇਂ ਖਾਰਸ, ਫੋੜੇ, ਫਿੰਨਸੀਆਂ ਜਾ ਐਲਰਜੀ ਆਦਿ। ਖਾਣ ਤੋਂ ਪਹਿਲਾਂ ਹੱਥਾਂ ਨੂੰ ਸਾਬਣ ਅਤੇ ਸਾਫ਼ ਪਾਣੀ ਨਾਲ ਵਾਰ-ਵਾਰ ਧੋਵੋ,ਪੀਣ ਵਾਲਾ ਪਾਣੀ ਅਤੇ ਖਾਣ ਵਾਲੀਆਂ ਚੀਜ਼ਾਂ ਨੂੰ ਢੱਕ ਕੇ ਰੱਖੋ ਅਤੇ ਬਾੜ ਦੇ ਪਾਣੀ ਤੋਂ ਬਚਾਓ,ਖਾਣੇ ਦੀ ਸੁਰੱਖਿਅਤ ਰਸੋਈ, ਸਟੋਰੇਜ ਅਤੇ ਹੈਂਡਲਿੰਗ ਯਕੀਨੀ ਬਣਾਓ,ਸਿਰਫ ਉਬਲਿਆ ਹੋਇਆ ਜਾਂ ਕਲੋਰਿਨ ਮਿਲਿਆ ਪਾਣੀ ਪੀਓਫਲ ਅਤੇ ਸਬਜ਼ੀਆਂ ਨੂੰ ਸਾਫ਼ ਪਾਣੀ ਨਾਲ ਧੋ ਕੇ ਖਾਓ,ਹੜ੍ਹ ਦੇ ਪਾਣੀ ਨਾਲ ਸੰਪਰਕ ਵਿੱਚ ਆਇਆ ਖਾਣਾ ਨਾ ਖਾਓ,ਘਰ ਅਤੇ ਆਲੇ-ਦੁਆਲੇ ਖੜ੍ਹੇ ਪਾਣੀ ਨੂੰ ਤੁਰੰਤ ਹਟਾਓ,ਮੱਛਰਦਾਨੀ, ਮੱਛਰ ਭਜਾਉਣ ਵਾਲਾ ਲੋਸ਼ਨ ਜਾਂ ਕੁਇਲ ਵਰਤੋਂ,ਬੱਚਿਆਂ ਅਤੇ ਬਜ਼ੁਰਗਾਂ ਨੂੰ ਖ਼ਾਸ ਸੁਰੱਖਿਆ ਦਿਓ,ਟਾਇਲਟ ਦੀ ਵਰਤੋਂ ਕਰੋ ਅਤੇ ਖੁੱਲ੍ਹੇ ਵਿੱਚ ਮਲ-ਮੂਤ੍ਰ ਨਾ ਕਰੋ। ਇਸ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਹੈਲਪ ਲਾਈਨ ਨੰਬਰ 89680-08060 ਜਾਰੀ ਕੀਤਾ ਗਿਆ ਹੈ।



ਇਸ ਮੌਕੇ ਤੇ ਜਿਲਾ ਐਪੀਡੀਮੋਲੋਜਿਸਟ ਡਾ ਹਰਜੋਤ ਕੌਰ, ਜਿਲ੍ਹਾ ਐਮ.ਈ.ਆਈ.ਓ.ਅਮਰਦੀਪ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸਨ।

# ਮੈਡੀਕਲ ਕਾਲਜ ਨੇ ਅਜਨਾਲਾ ਹਸਪਤਾਲ ਵਿਖੇ ਸੱਪ ਦੇ ਡੰਗਣ ਦੇ ਇਲਾਜ ਲਈ 400 ਖੁਰਾਕਾਂ ਭੇਜੀਆਂ

## ਹੁਣ ਤੱਕ ਸੱਪ ਕੱਟਣ ਦੇ 26 ਮਾਮਲੇ ਆਏ ਸਾਹਮਣੇ,ਤਿੰਨਾਂ ਦੀ ਹੋਈ ਮੌਤ

ਅੰਮ੍ਰਿਤਸਰ (ਲੋਕ ਬਾਣੀ)-ਰਾਵੀ ਦਰਿਆ ਦੇ ਨਾਲ ਲੱਗਦੇ ਅਜਨਾਲਾ ਹਲਕੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਾਣੀ ਇਕੱਠਾ ਹੋਣ ਨਾਲ ਸੱਪ ਵੱਡੀ ਗਿਣਤੀ ਵਿੱਚ ਬਾਹਰ ਆ ਰਹੇ ਹਨ ਅਤੇ 25 ਅਗਸਤ ਤੋਂ ਹੁਣ ਤੱਕ ਸੱਪ ਕੱਟਣ ਦੇ 26 ਕੇਸ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ 2 ਮਰੀਜ ਹਸਪਤਾਲ ਵਿਖੇ ਆਪਣਾ ਇਲਾਜ ਕਰਵਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ.ਰਾਜੀਵ ਦੇਵਗਨ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਮੌਕੇ ਦੇ ਹਾਲਾਤ ਵੇਖਦੇ ਹੋਏ ਅਜਨਾਲਾ ਵਿੱਚ ਦਵਾਈਆਂ ਪੁਹੰਚਾਉਣ ਦੀ ਹਦਾਇਤ ਕੀਤੀ ਗਈ ਸੀ, ਜਿਸ ਦੇ ਮੱਦੇ ਨਜ਼ਰ ਮੈਡੀਕਲ ਕਾਲਜ ਵਲੋਂ ਸਬ ਡਿਵੀਜਨਲ ਹਸਪਤਾਲ ਅਜਨਾਲਾ ਵਿਖੇ 400 ਐਂਟੀ ਸਨੇਕ ਦਵਾਈਆਂ ਦੀ ਡੋਜ਼ ਭੇਜੀ ਗਈ ਹੈ। ਉਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੱਪ ਦੇ ਡੰਗ ਮਾਰਨ 'ਤੇ ਘਬਰਾਉਣ ਦੀ ਜ਼ਰੂਰਤ ਨਹੀਂ, ਸੱਪ ਕੱਟਣ ਤੇ ਤੁਰੰਤ ਨਜਦੀਕੀ ਸਿਹਤ ਕੇਂਦਰ ਵਿਖੇ ਪਹੁੰਚੋ ਤਾਂ ਜੋ ਸਮੇਂ ਇਲਾਜ ਸ਼ੁਰੂ ਕਰਕੇ ਮਰੀਜ ਦੀ ਜਾਨ ਨੂੰ ਬਚਾਇਆ ਜਾ ਸਕਦਾ ਹੈ। ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸਿਵਲ ਸਰਜਨ ਡਾ. ਸਵਰਨਜੀਤ ਧਵਨ ਨੇ ਦਸਿਆ ਕਿ ਹੜ੍ਹਾਂ ਦੇ ਪਾਣੀ ਵਿਚ ਸੱਪਾਂ ਦੇ ਡੰਗ ਮਾਰਨ ਦੀਆਂ ਘਟਨਾਵਾਂ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਦਸਿਆ ਕਿ ਸੱਪ ਦੇ ਡੰਗੇ ਜਾਣ ਦੇ ਇਲਾਜ ਲਈ ਵੱਖ-ਵੱਖ ਸਰਕਾਰੀ ਹਸਪਤਾਲਾਂ 'ਚ ਦਵਾਈ ਉਪਲਬਧ ਹੈ ਜਿਥੇ ਮਰੀਜ਼ਾਂ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਉਨਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਬਣਾਏ ਗਏ ਸਾਰੇ ਮੈਡੀਕਲ ਕੈਂਪਾਂ ਵਿੱਚ ਐਂਟੀ ਸਨੇਕ ਡੋਜ ਮੁਹੱਈਆ ਕਰਵਾਈ ਗਈ ਹੈ ਅਤੇ ਸੱਪ ਕੱਟਣ ਦੇ ਤੁਰੰਤ ਇਨਾਂ ਕੇਂਦਰਾਂ ਵਿੱਚ ਪਹੁੰਚੋ। ਉਨਾਂ ਨੇ ਦਸਿਆ ਕਿ ਪੰਜਾਬ ਵਿਚ ਕਈ ਕਿਸਮਾਂ ਦੇ ਗ਼ੈਰ-ਜ਼ਹਿਰੀਲੇ ਸੱਪਾਂ ਤੋਂ ਇਲਾਵਾ ਕਾਮਨ ਕਰੇਟ, ਰਸਲ ਵਾਇਪਰ ਅਤੇ ਕੋਬਰਾ ਜਿਹੇ ਜ਼ਹਿਰੀਲੇ ਸੱਪ ਵੀ ਪਾਏ ਜਾਂਦੇ ਹਨ। ਇਹ ਸੱਪ ਕਾਫ਼ੀ ਜ਼ਹਿਰੀਲੇ ਹੁੰਦੇ ਹਨ ਜਿਨ੍ਹਾਂ ਦੁਆਰਾ ਡੰਗੇ ਜਾਣ ਤੋਂ ਬਾਅਦ ਬਿਨਾਂ ਦੇਰ ਕੀਤਿਆਂ ਇੰਜੈਕਸ਼ਨ ਲਗਵਾਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੱਪ ਦੇ ਡੰਗੇ ਜਾਣ ਤੋਂ ਬਾਅਦ ਅਖੌਤੀ ਤਾਂਤਰਿਕਾਂ,ਬਾਬਿਆਂ ਜਾਂ ਝੋਲਾ ਛਾਪ ਡਾਕਟਰਾਂ ਕੋਲ ਜਾਣ ਦੀ ਬਜਾਏ ਹਸਪਤਾਲ ਜਾਣਾ ਚਾਹੀਦਾ ਹੈ।

# ਕਮਿਸ਼ਨਰੇਟ ਪੁਲਿਸ ਲੁਧਿਆਣਾ ਵੱਲੋਂ ਖੋਹ ਦੀ ਵਾਰਦਾਤ ਟਰੇਸ, 28,59,500/- ਰੁਪਏ ਬਰਾਮਦ ਕੀਤੇ

ਲੁਧਿਆਣਾ (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ) ਮਾਣਯੋਗ ਕਮਿਸ਼ਨਰ ਪੁਲਿਸ ਲੁਧਿਆਣਾ ਜੀ ਅਤੇ ਸ਼੍ਰੀ ਰੁਪਿੰਦਰ ਸਿੰਘ ਆਈ.ਪੀ.ਐਸ/ ਡੀ.ਸੀ.ਪੀ ਸ਼ਹਿਰੀ ਅਤੇ ਰੂਰਲ ਲੁਧਿਆਣਾ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਥਾਣਾ ਡਵੀਜਨ ਨੰਬਰ 6, ਦੀ ਪੁਲਿਸ ਟੀਮ ਵੱਲੋਂ ਖੋਹ ਦੀ ਵਾਰਦਾਤ ਟਰੇਸ, ਲੁੱਟ ਦੀ ਰਕਮ 28,59,500/- ਰੁਪਏ ਬਰਾਮਦ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸ਼੍ਰੀ ਕਰਨਵੀਰ ਸਿੰਘ ਪੀ.ਪੀ.ਐਸ./ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜੋਨ-2 ਲੁਧਿਆਣਾ ਅਤੇ ਸ਼੍ਰੀ ਸਤਵਿੰਦਰ ਸਿੰਘ ਵਿਰਕ ਪੀ.ਪੀ.ਐਸ ਸਹਾਇਕ ਕਮਿਸ਼ਨਰ ਪੁਲਿਸ ਇੰਡਸਟਰੀ ਏਰੀਆ-ਬੀ, ਲੁਧਿਆਣਾ ਜੀ ਨੇ ਦੱਸਿਆ ਕਿ ਐਸ.ਆਈ. ਬਲਵੰਤ ਸਿੰਘ ਮੁੱਖ ਅਫਸਰ ਥਾਣਾ ਡਵੀਜ਼ਨ ਨੰਬਰ-6 ਦੀ ਪੁਲਿਸ ਪਾਰਟੀ ਨੇ ਮਿਤੀ 29.08.2025 ਨੂੰ ਏ ਐਚ ਅਲਾਇਜ ਰੋਲਿੰਗ ਮਿੱਲ, ਦੁਰਗਾ ਕਲੋਨੀ, ਫੋਕਲ ਪੁਆਇੰਟ, ਫੇਸ-7, ਲੁਧਿਆਣਾ ਵਿਖੇ ਹੋਈ 47,50,000/- ਰੁਪਏ ਦੀ ਖੋਹ ਦੀ ਵਾਰਦਾਤ ਮੁਕਦਮਾ ਨੰਬਰ 203 ਮਿਤੀ 30-8-25 ਅ/ਧ 307 ਬੀ.ਐਨ.ਐਸ ਥਾਣਾ ਡਵੀਜ਼ਨ ਨੰਬਰ-6, ਲੁਧਿਆਣਾ ਨੂੰ ਸਫਲਤਾ ਪੂਰਵਕ ਟਰੇਸ ਕਰਕੇ ਕੁੱਲ 28,59,500/- ਰੁਪਏ ਬਰਾਮਦ ਕੀਤੇ ਗਏ ਹਨ। ਤਫਤੀਸ਼ ਦੌਰਾਨ ਮੁੱਖ ਦੋਸ਼ੀ ਰਾਘਵ ਕੱਕੜ ਨੂੰ ਨੇੜੇ ਮਿਲਟਰੀ ਕੈਂਪ ਸ਼ੇਰਪੁਰ ਤੋਂ ਗ੍ਰਿਫਤਾਰ ਕਰਕੇ ਮੌਕਾ ਵਾਰਦਾਤ ਸਮੇਂ ਵਰਤਿਆ ਗਿਆ ਚਾਕੂ ਤੇ ਐਕਟਿਵਾ ਬਰਾਮਦ ਕੀਤੀ ਗਈ ਅਤੇ ਉਸ ਦੀ ਨਿਸ਼ਾਨਦੇਹੀ 'ਤੇ 20,49,500/- ਰੁਪਏ, ਸਾਥੀ ਦੋਸ਼ਣ ਹਰਮਨਜੋਤ ਕੌਰ (ਜਿਸ ਤੋਂ ਪਹਿਲਾਂ ਹੀ 1,60,000/- ਰੁਪਏ ਬਰਾਮਦ ਕੀਤੇ ਗਏ ਸਨ) ਅਤੇ ਉਸ ਦੇ ਮਾਮੇ ਕਰਮਜੀਤ ਸਿੰਘ ਦੀ ਨਿਸ਼ਾਨਦੇਹੀ 'ਤੇ 6,50,000/- ਰੁਪਏ ਬਰਾਮਦ ਕੀਤੇ ਗਏ। ਇਸ ਤਰ੍ਹਾਂ ਕੁੱਲ 28,59,500/- ਰੁਪਏ ਬਰਾਮਦ ਹੋਏ। ਦੋਸ਼ੀ ਰਾਘਵ ਕੱਕੜ ਵਾਸੀ ਭਿੱਖੀਵਿੰਡ ਜਿਲਾ ਤਰਨਤਾਰਨ, ਕਰਮਜੀਤ ਸਿੰਘ ਵਾਸੀ ਭੁੱਲ ਮਾਜਰਾ, ਜਿਲਾ ਫਤਿਹਗੜ੍ਹ ਸਾਹਿਬ ਅਤੇ ਹਰਮਨਜੋਤ ਕੌਰ ਵਾਸੀ ਭੁੱਲ ਮਾਜਰਾ ਜਿਲਾ ਫਤਿਹਗੜ੍ਹ ਸਾਹਿਬ ਦੇ ਵਸਨੀਕ ਹਨ।



# ਕਮਿਸ਼ਨਰੇਟ ਪੁਲਿਸ ਲੁਧਿਆਣਾ ਵੱਲੋਂ ਆਟੋ ਗੈਂਗ ਦੇ 02 ਦੋਸ਼ੀ ਕਾਬੂ, 03 ਮੋਬਾਈਲ ਫੋਨ ਬਰਾਮਦ

ਲੁਧਿਆਣਾ (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ) ਮਾਨਯੋਗ ਕਮਿਸ਼ਨਰ ਪੁਲਿਸ ਲੁਧਿਆਣਾ ਸ੍ਰੀ ਸਵਪਨ ਸ਼ਰਮਾ IPS ਜੀ ਅਤੇ ਡਿਪਟੀ ਕਮਿਸ਼ਨਰ ਪੁਲਿਸ ਸਿਟੀ/ਰੂਰਲ ਲੁਧਿਆਣਾ ਸ੍ਰੀ ਰੁਪਿੰਦਰ ਸਿੰਘ IPS ਜੀ ਦੇ ਦਿਸ਼ਾ-ਨਿਰਦੇਸ਼ਾ ਹੇਠ ਕਮਿਸ਼ਨਰੇਟ ਪੁਲਿਸ ਲੁਧਿਆਣਾ ਦੇ ਥਾਣਾ ਸਲੇਮ ਟਾਬਰੀ ਦੀ ਟੀਮ ਨੇ ਆਟੋ ਗੈਂਗ ਦੇ 02 ਦੋਸ਼ੀ ਕਾਬੂ ਕਰਕੇ 03 ਮੋਬਾਈਲ ਫੋਨ ਬਰਾਮਦ ਕੀਤੇ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜੋਨ-1 ਸ੍ਰੀ ਸਮੀਰ ਵਰਮਾ PPS ਅਤੇ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਸਬ ਡਵੀਜਨ ਉੱਤਰੀ ਲੁਧਿਆਣਾ ਸ੍ਰੀ ਦਵਿੰਦਰ ਕੁਮਾਰ PPS ਜੀ ਨੇ ਦੱਸਿਆ ਕਿ, ਇੰਸਪੈਕਟਰ ਅਮ੍ਰਿਤਪਾਲ ਸਿੰਘ ਗਰੇਵਾਲ ਮੁੱਖ ਅਫਸਰ ਥਾਣਾ ਸਲੇਮ ਟਾਬਰੀ ਦੀ ਅਗਵਾਈ ਹੇਠ ਸਬ-ਇੰਸਪੈਕਟਰ ਸੁਖਵਿੰਦਰ ਸਿੰਘ ਇੰਚਾਰਜ ਚੌਂਕੀ ਐਲਡੀਕੇ ਲੁਧਿਆਣਾ ਦੀ ਟੀਮ ਨੇ ਵਿਸ਼ੇਸ਼ ਮੁਹਿੰਮ ਦੌਰਾਨ ਆਟੋ ਵਿੱਚ ਸਵਾਰੀਆਂ ਨੂੰ ਬਿਠਾ ਕੇ ਰਸਤੇ ਵਿੱਚ ਖੋਹ ਕਰਨ ਵਾਲੇ ਆਟੋ ਗੈਂਗ ਦੇ 02 ਦੋਸ਼ੀਆਂ ਮੋਹਿਤ ਉਰਫ ਮਨੂੰ ਅਤੇ ਡਿੰਪਲ ਮੱਕੜ ਉਰਫ ਬੰਟੀ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 03 ਮੋਬਾਇਲ ਫੋਨ ਬਰਾਮਦ ਕੀਤੇ ਹਨ, ਜਦਕਿ ਉਨ੍ਹਾਂ ਦੇ ਸਾਥੀ ਸੁਭਮ ਉਰਫ ਗੋਸਟ ਦੀ ਭਾਲ ਜਾਰੀ ਹੈ। ਜਿਨਾਂ ਦੇ ਖਿਲਾਫ ਥਾਣਾ ਸਲੇਮ ਟਾਬਰੀ ਵਿੱਚ ਮੁਕੱਦਮਾ ਨੰਬਰ 166 ਮਿਤੀ 08-9-25 ਅ/ਧ 304, 3(5) BNS ਤਹਿਤ ਦਰਜ ਕੀਤਾ। ਜਿਸ ਤੋਂ ਬਾਅਦ ਵਾਧਾ ਜੁਰਮ 317(2) ਹੋਇਆ। ਦੋਸ਼ੀ ਮੋਹਿਤ ਉਰਫ ਮਨੂ ਦੇ ਖਿਲਾਫ ਪਹਿਲਾ ਵੀ ਤਿੰਨ ਚੋਰੀ ਦੇ ਮੁਕੱਦਮੇ ਵੱਖ ਵੱਖ ਥਾਣਿਆਂ ਵਿੱਚ ਦਰਜ ਹਨ।



# ਕਲਸੀ ਕੇ ਜੇ ਹਸਪਤਾਲ ਬਟਾਲਾ ਵੱਲੋਂ ਪਹਿਲੀ ਸਾਲਗਿਰਾ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ-ਪਰਮਾਤਮਾ ਦਾ ਲਿਆ ਆਸ਼ੀਰਵਾਦ

## ਲੋੜਵੰਦ ਮਰੀਜ਼ਾਂ ਨੂੰ ਪਹਿਲ ਦੇ ਆਧਾਰ 'ਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ- ਡਾਕਟਰ ਕਮਲਜੀਤ ਸਿੰਘ ਕੇਜੇ

ਗੁਰਦਾਸਪੁਰ ( ਜਸਵਿੰਦਰ ਸਿੰਘ ) ਕਲਸੀ ਕੇ ਜੇ ਹਸਪਤਾਲ ਬਟਾਲਾ ਵੱਲੋਂ ਅੱਜ ਪਹਿਲੀ ਸਾਲਗਿਰਾ ਮੌਕੇ ਸਮੂਹ ਮੈਂਬਰਾਂ ਵੱਲੋਂ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ ਅਤੇ ਵਾਹਿਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ ਸਮੂਹ ਸਟਾਫ ਵਲੋਂ ਵਾਹਿਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਇਸ ਹਸਪਤਾਲ ਵਿੱਚ ਜੋ ਆਵੇ ਸੋ ਰਾਜੀ ਹੋ ਕੇ ਜਾਵੇ। ਵਾਹਿਗੁਰੂ ਜੀ ਹਸਪਤਾਲ ਅਤੇ ਸਮੂਹ ਸਟਾਫ ਮੈਂਬਰਾਂ ਤੇ ਹਮੇਸ਼ਾ ਮਿਹਰ ਭਰਿਆ ਹੱਥ ਰੱਖਣ ਅਤੇ ਹਸਪਤਾਲ ਨੂੰ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਬਖਸ਼ਣ ਅਤੇ ਹਮੇਸ਼ਾ ਅੰਗ ਸੰਗ ਸਹਾਈ ਹੋਣ ਡਾਕਟਰ ਕਮਲਜੀਤ ਸਿੰਘ ਕੇਜੇ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕਲਸੀ ਕੇ ਜੇ ਹਸਪਤਾਲ ਬਟਾਲਾ ਵਿਖੇ ਹਮੇਸ਼ਾ ਲੋੜਵੰਦ ਮਰੀਜ਼ਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਅਤਿ



ਆਧੁਨਿਕ ਮਸ਼ੀਨਰੀ ਨਾਲ ਮਾਹਿਰ ਡਾਕਟਰਾਂ ਵਲੋਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਤਲੱਸੀਬਖਸ਼ ਕੀਤਾ ਜਾਂਦਾ ਹੈ ਇਸ ਮੌਕੇ ਡਾਕਟਰ ਕਮਲਜੀਤ ਸਿੰਘ ਕੇਜੇ, ਸ੍ਰੀਮਤੀ ਰਾਜਬੀਰ ਕੌਰ ਕਲਸੀ ਧਰਮਪਤਨੀ ਵਿਧਾਇਕ ਸ਼ੈਰੀ ਕਲਸੀ, ਡਾਕਟਰ ਅਰਵਿੰਦਰ ਕੁਮਾਰ ਯਾਦਵ, ਡਾਕਟਰ ਰਜਿੰਦਰ ਕੁਮਾਰ, ਸੰਦੀਪ ਸਿੰਘ ਸੰਨੀ, ਸ੍ਰੀਮਤੀ ਕੁਲਵੰਤ ਕੌਰ, ਪਰਮੀਤ ਕੌਰ ਪਲਵੀ, ਨੇਹਾ ਸੁਜਾਨੀਆ, ਕੋਮਲ ਧਾਰੀਵਾਲ, ਜਾਨੂ ਜਸਜੀਤ ਸਿੰਘ, ਰੋਹਿਤ ਥੇ ਗੁਲਾਮ ਨਵੀ, ਵੰਸ਼, ਆਕਾਸ਼, ਯੂਵੀਕਾ, ਕਾਕਾ ਗੁਰਮਨ ਮੇਹਰ ਸਿੰਘ ਅਤੇ ਅਮਿਤ ਕੁਮਾਰ ਡਡਵਾਂ ਆਦਿ ਹਾਜ਼ਰ ਸਨ

# ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ - ਚੇਅਰਮੈਨ ਰਾਜੀਵ ਸ਼ਰਮਾ

## ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ - ਚੇਅਰਮੈਨ

ਗੁਰਦਾਸਪੁਰ, ( ਜਸਵਿੰਦਰ ਸਿੰਘ ) – ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਚੇਅਰਮੈਨ ਰਾਜੀਵ ਸ਼ਰਮਾ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਨੇ ਬੀਤੇ ਕੱਲ੍ਹ ਪੰਜਾਬ ਸਰਕਾਰ ਦੀ ਕੈਬਨਿਟ ਬੈਠਕ ਵਿੱਚ ਨਵੀਂ ਨੀਤੀ ਤਹਿਤ, "ਮੇਰਾ ਖੇਤ, ਮੇਰੀ ਰੇਤ"ਨੀਤੀ ਲਾਗੂ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ ਅਤੇ ਮਾਲਕੀ ਅਧਿਕਾਰ ਵੀ ਉਨ੍ਹਾਂ ਕੋਲ ਹੀ ਰਹਿਣਗੇ ਚੇਅਰਮੈਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ



ਕਿਸੇ ਵੀ ਰਾਜ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਤੋਂ ਇਲਾਵਾ, ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਕਿਸਾਨਾਂ ਨੂੰ ਸੁਸਾਇਟੀਆਂ ਜਾਂ ਸਹਿਕਾਰੀ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਵਿੱਚ ਛੇ ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਜਾਨਵਰ ਅਤੇ ਮੱਛੀਆਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਸਰਕਾਰ ਇਸ ਦੀ ਭਰਪਾਈ ਕਰੇਗੀ ਅਤੇ ਜਾਨਵਰਾਂ ਲਈ ਇੱਕ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਹੜ੍ਹ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ, ਲਗਭਗ 1700 ਪਿੰਡਾਂ ਅਤੇ 300 ਸ਼ਹਿਰੀ ਖੇਤਰਾਂ ਵਿੱਚ ਫੋਗਿੰਗ ਮਸ਼ੀਨਾਂ ਲਗਾਈਆਂ ਜਾਣਗੀਆਂ। ਡਾਕਟਰਾਂ ਦੀ ਇੱਕ ਟੀਮ ਹਰ ਪਿੰਡ ਵਿੱਚ ਕਲੀਨਿਕ ਸਥਾਪਤ ਕਰਕੇ ਭੇਜੀ ਜਾਵੇਗੀ, ਤਾਂ ਜੋ ਨੇੜਲੇ ਲੋਕਾਂ ਨੂੰ ਦਵਾਈਆਂ ਅਤੇ ਇਲਾਜ ਉਪਲਬਧ ਹੋ ਸਕਣ।

# ਪੰਜਾਬ ਸਰਕਾਰ ਦਾ ਜਿਸਦਾ ਖੇਤ ਉਸਦੀ ਰੇਤ ਵਾਲਾ ਫੈਸਲਾ ਸ਼ਲਾਘਾਯੋਗ- ਮੁਖਦੇਵ ਸਿੰਘ ਆਲੋਵਾਲ

## ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ - ਆਲੋਵਾਲ

ਗੁਰਦਾਸਪੁਰ (ਜਸਵਿੰਦਰ ਸਿੰਘ ) – ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਗੁਰਦਾਸਪੁਰ ਨੇ ਬੀਤੇ ਕੱਲ੍ਹ ਪੰਜਾਬ ਸਰਕਾਰ ਦੀ ਕੈਬਨਿਟ ਬੈਠਕ ਵਿੱਚ ਨਵੀਂ ਨੀਤੀ ਤਹਿਤ, "ਮੇਰਾ ਖੇਤ, ਮੇਰੀ ਰੇਤ"ਨੀਤੀ ਲਾਗੂ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ ਅਤੇ ਮਾਲਕੀ ਅਧਿਕਾਰ ਵੀ ਉਨ੍ਹਾਂ ਕੋਲ ਹੀ ਰਹਿਣਗੇ ਆਲੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿਸੇ ਵੀ ਰਾਜ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਤੋਂ ਇਲਾਵਾ, ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਕਿਸਾਨਾਂ ਨੂੰ ਸੁਸਾਇਟੀਆਂ ਜਾਂ ਸਹਿਕਾਰੀ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਵਿੱਚ ਛੇ ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਜਾਨਵਰ ਅਤੇ ਮੱਛੀਆਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਸਰਕਾਰ ਇਸ ਦੀ ਭਰਪਾਈ ਕਰੇਗੀ ਅਤੇ ਜਾਨਵਰਾਂ ਲਈ ਇੱਕ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਹੜ੍ਹ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ, ਲਗਭਗ 1700 ਪਿੰਡਾਂ ਅਤੇ 300 ਸ਼ਹਿਰੀ ਖੇਤਰਾਂ ਵਿੱਚ ਫੋਗਿੰਗ ਮਸ਼ੀਨਾਂ ਲਗਾਈਆਂ ਜਾਣਗੀਆਂ।



# ਪੰਜਾਬ ਸਰਕਾਰ ਵੱਲੋਂ ਜਿਲ੍ਹਾ ਫਾਜ਼ਿਲਕਾ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਲਈ 33 ਨਵੇਂ ਮੈਡੀਕਲ ਅਫ਼ਸਰ ਕੀਤੇ ਨਿਯੁਕਤ

ਫਾਜ਼ਿਲਕਾ (ਰਾਜ ਅਰੋੜਾ/ਪ੍ਰਵੀਨ ਕੁਮਾਰ)–ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਵੱਖ ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਵਿੱਚ ਕੁਝ ਇਲਾਕਿਆਂ ਵਿੱਚ ਆਏ ਹੜ੍ਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡਾਕਟਰ ਬਲਬੀਰ ਸਿੰਘ ਮਾਨਯੋਗ ਸਿਹਤ ਮੰਤਰੀ ਪੰਜਾਬ ਦੇ ਹੁਕਮਾਂ ਅਨੁਸਾਰ ਜਿਲ੍ਹਾ ਫਾਜ਼ਿਲਕਾ ਵਿੱਚ ਨਵੇਂ ਮੈਡੀਕਲ ਅਫ਼ਸਰਾਂ (ਜਨਰਲ) ਦੀ ਤੈਨਾਤੀ ਕੀਤੀ ਗਈ ਹੈ। ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਦੀ ਨਿਗਰਾਨੀ ਵਿੱਚ ਹੁਣ ਤੱਕ 33 ਨਵੇਂ ਮੈਡੀਕਲ ਅਫ਼ਸਰਾਂ ਨੇ ਆਪਣੀ ਡਿਊਟੀ ਤੇ ਹਾਜ਼ਰ ਹੋ ਗਏ ਹਨ। ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਇਹ ਸਾਰੇ ਡਾਕਟਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਡਿਊਟੀ ਕਰਨਗੇ। ਡਾਕਟਰ ਰੋਹਿਤ ਗੋਇਲ ਨੇ ਦੱਸਿਆ ਕਿ ਇਹਨਾਂ 33 ਡਾਕਟਰਾਂ ਦੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕੰਮ ਕਰ ਰਹੀਆਂ ਮੈਡੀਕਲ ਟੀਮਾਂ ਅਤੇ ਰਾਹਤ ਕੈਂਪਾਂ ਵਿੱਚ ਡਿਊਟੀ ਲਗਾ ਦਿੱਤੀ ਗਈ ਹੈ। ਸਿਵਲ ਸਰਜਨ ਫਾਜ਼ਿਲਕਾ ਨੇ ਨਵ ਨਿਯੁਕਤ ਮੈਡੀਕਲ ਅਫ਼ਸਰਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆਪਣੀ ਪਹਿਲੀ ਸੇਵਾ ਤਨ ਮਨ ਨਾਲ ਕਰਨ ਲਈ ਉਤਸ਼ਾਹਿਤ ਕੀਤਾ। ਇਨ੍ਹਾਂ




ਮੈਡੀਕਲ ਅਫ਼ਸਰਾਂ ਨੇ ਵੀ ਪ੍ਰਸ਼ਾਸ਼ਨ ਅਤੇ ਸਿਵਲ ਸਰਜਨ ਫਾਜ਼ਿਲਕਾ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਕਰਨ ਦਾ ਵਿਸ਼ਵਾਸ਼ ਦਿਵਾਇਆ।

# ਸਿਹਤ ਵਿਭਾਗ ਵੱਲੋਂ ਗਰਭਵਤੀ ਔਰਤਾਂ ਲਈ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਲਗਾਏ ਜਾਂਦੇ ਹਨ ਵਿਸ਼ੇਸ਼ ਚੈਕਅੱਪ ਕੈਂਪ

## ਗਰਭ ਅਵਸਥਾ ਦੌਰਾਨ 4 ਚੈਕ-ਅਪ ਲਾਜ਼ਮੀ : ਡਾ. ਸਨਮਾਨ ਮਿੱਡਾ

ਫਾਜ਼ਿਲਕਾ (ਰਾਜ ਅਰੋੜਾ), ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਅਤੇ ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ ਦੀ ਉਚੇਚੀ ਨਿਗਰਾਨੀ ਵਿੱਚ ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ ਅਤੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਕਵਿਤਾ ਸਿੰਘ ਦੀ ਅਗਵਾਈ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਸਨਮਾਨ ਮਿੱਡਾ ਦੀ ਦੇਖਰੇਖ ਵਿੱਚ ਸਿਵਲ ਹਸਪਤਾਲ ਅਬੋਹਰ ਵਿਖੇ ਏ.ਐਨ.ਸੀ ਚੈਕਅਪ ਕੈਂਪ ਆਯੋਜਿਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਡਾ. ਸਨਮਾਨ ਮਿੱਡਾ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਹਰੇਕ ਗਰਭਵਤੀ ਦਾ ਐਂਟੀਨੇਟਲ ਚੈਕ-ਅਪ ਕੀਤਾ ਜਾਂਦਾ ਹੈ, ਤਾਂ ਜੋ ਹਾਈ ਰਿਸਕ ਪ੍ਰੈਗਨੇਂਸੀ ਦੀ ਜਲਦ ਤੋਂ ਜਲਦ ਪਛਾਣ ਹੋ ਸਕੇ ਅਤੇ ਸਮਾਂ ਰਹਿੰਦੇ ਇਸ ਦੇ ਜੋਖਿਮ ਨੂੰ ਘਟਾਇਆ ਜਾ ਸਕੇ। ਇਸ ਦੌਰਾਨ ਡਾ. ਸੋਨਿਮਾ ਵਲੋਂ ਗਰਭਵਤੀ ਔਰਤਾਂ ਦਾ ਚੈਕਅਪ ਕੀਤਾ ਗਿਆ। ਉਹਨਾਂ



ਕਿਹਾ ਕਿ ਗਰਭਾਵਸਥਾ ਦੌਰਾਨ ਘਟੋਂ-ਘੱਟ 4 ਚੈਕ-ਅਪ, ਟੀ.ਟੀ ਦੇ ਇੰਜੈਕਸ਼ਨ, 180 ਆਇਰਨ ਫੋਲਿਕ ਅਤੇ ਕੈਲਸੀਅਮ ਦੀਆਂ ਖੁਰਾਕਾਂ ਲੈਣੀਆਂ ਜ਼ਰੂਰੀ ਹਨ, ਅਤੇ ਆਪਣਾ ਜਣੇਪਾ ਹਮੇਸ਼ਾ ਸੰਸਥਾਗਤ ਹੀ ਕਰਵਾਉਣਾ ਚਾਹੀਦਾ ਹੈ। ਉਹਨਾਂ ਨੇ ਗਰਭਵਤੀ ਔਰਤਾਂ ਨੂੰ ਖੁਰਾਕ ਬਾਰੇ ਜਾਗਰੂਕ ਕਰਦੇ ਹੋਏ ਕਿਹਾ ਕਿ ਗਰਭ ਅਵਸਥਾ ਦੌਰਾਨ ਖੁਰਾਕ ਦਾ ਖਾਸ ਮਹਤਵ ਹੁੰਦਾ ਹੈ ਜਿਸ ਨਾਲ ਜੱਚਾ ਅਤੇ ਬੱਚਾ ਦੋਵਾਂ ਦਾ ਵਿਕਾਸ ਜੁੜਿਆ ਹੁੰਦਾ ਹੈ। ਉਹਨਾਂ ਨੇ ਦੱਸਿਆ ਕਿ ਗਰਭਵਤੀਆਂ ਨੂੰ ਸਰਕਾਰੀ ਸੰਸਥਾਵਾਂ ਵਿਚ ਪ੍ਰੈਗਨੇਸੀ ਟੈਸਟ ਤੋਂ ਲੈ ਕੇ ਜਣੇਪੇ ਦੇ 42 ਦਿਨਾਂ ਤੱਕ ਸਾਰੀਆਂ ਸਹੂਲਤਾਂ ਮੁਫਤ ਦਿੱਤੀਆਂ ਜਾਂਦੀਆਂ ਹਨ, ਵਿਭਾਗ ਦੀਆਂ ਹਦਾਇਤਾਂ ਅਨੁਸਾਰ ਗਰਭਵਤੀਆਂ ਦੇ ਦੋ ਅਲਟ ?ਰਾਸਾਂਊਡ ਵੀ ਮੁਫਤ ਕੀਤੇ ਜਾਂਦੇ ਹਨ ਅਤੇ ਸੰਸਥਾਗਤ ਜਣੇਪਾ ਕਰਵਾਉਣ ਤੇ ਜਨਨੀ ਸੁਰੱਖਿਆ ਯੋਜਨਾ ਤਹਿਤ ਮਾਲੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਜਾਂਚ ਕਰਵਾਉਣ ਆਉਣ ਵਾਲੀ ਗਰਭਵਤੀ ਔਰਤਾਂ ਨੂੰ ਵਿਭਾਗ ਦੀ ਹਦਾਇਤਾਂ ਮੁਤਾਬਕ ਪੌਸ਼ਟਿਕ ਖੁਰਾਕ ਦੇ ਪੈਕੇਟ ਵੀ ਵੰਡੇ ਗਏ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# 12539 ਰਾਸ਼ਨ ਕਿੱਟਾਂ ਤੇ 6180 ਥੈਲੇ ਕੈਟਲ ਫੀਡ ਦੇ ਵੰਡੇ-ਡਿਪਟੀ ਕਮਿਸ਼ਨਰ

ਫਾਜ਼ਿਲਕਾ, (ਰਾਜ ਅਰੋੜਾ/ਪ੍ਰਵੀਨ ਕੁਮਾਰ)-ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਫਾਜ਼ਿਲਕਾ ਜ਼ਿਲ੍ਹੇ ਵਿਚ ਰਾਹਤ ਵੰਡਨ ਦਾ ਕੰਮ ਤੇਜੀ ਨਾਲ ਜਾਰੀ ਹੈ ਅਤੇ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਲੋੜਵੰਦ ਰਾਹਤ ਸਮੱਗਰੀ ਤੋਂ ਵਾਂਝਾ ਨਾ ਰਹੇ।

ਡਿਪਟੀ ਕਮਿਸ਼ਨਰ ਨੇ ਇਸ ਸਬੰਧੀ ਅੰਕੜੇ ਜਾਰੀ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ 4254 ਲੋਕਾਂ ਨੂੰ ਬਾਹਰ ਕੱਢਿਆ ਸੀ। ਕੁੱਲ ਸਥਾਪਿਤ 30 ਰਾਹਤ ਕੈਂਪਾਂ ਵਿਚੋਂ 14 ਕਾਰਜਸ਼ੀਲ ਕੈਂਪਾਂ ਵਿਚ 2946 ਲੋਕ ਰਹਿ ਰਹੇ ਹਨ। ਰਾਹਤ ਕੈਂਪਾਂ ਵਿਚ ਮਿਲ ਰਹੀ ਸੁਵਿਧਾ ਕਾਰਨ ਪਹਿਲੀ ਵਾਰ ਹੈ ਕਿ ਐਨੇ ਲੋਕ ਕੈਂਪਾਂ

## ਹਰੀਕੇ ਤੋਂ ਪਾਣੀ ਦੀ ਨਿਕਾਸੀ ਹੋਰ ਘਟੀ

ਵਿਚ ਆ ਰਹੇ ਹਨ। ਪ੍ਰਭਾਵਿਤ ਲੋਕਾਂ ਨੂੰ 12539 ਰਾਸ਼ਨ ਕਿਟਾਂ ਵੰਡੀਆਂ ਗਈਆਂ ਹਨ। ਲੋਕਾਂ ਦੇ ਜਾਨਵਰਾਂ ਲਈ 6190 ਬੋਰੇ



ਕੈਟਲ ਫੀਡ ਵੰਡੀ ਗਈ ਹੈ। ਰਾਹਤ ਕੈਂਪਾਂ ਵਿਚ ਆਏ ਲੋਕਾਂ ਦੇ ਜਾਨਵਰਾਂ ਲਈ ਚਾਰਾ ਵੀ ਮੁਹਈਆ ਕਰਵਾਇਆ ਜਾ ਰਿਹਾ ਹੈ।

# ਵਿਧਾਇਕ ਜਲਾਲਾਬਾਦ ਨੇ 14.15 ਕਰੋੜ ਦੀ ਲਾਗਤ ਨਾਲ ਅਰਨੀਵਾਲਾ ਵਿਖੇ ਵਾਟਰ ਪਾਈਪ ਲਾਈਨਾਂ ਪਾਉਣ ਦੇ ਕੰਮ ਦੀ ਕੀਤੀ ਸੁਰੂਆਤ

### ਪ੍ਰੋਜੈਕਟ ਤਹਿਤ 2151 ਘਰੇਲੂ ਪਾਣੀ ਦੇ ਕੁਨੈਕਸ਼ਨ ਅਤੇ 1 ਨੰਬਰ ਪੀਣ ਵਾਲੇ ਪਾਣੀ ਦੀ ਟੈਂਕੀ 1.5 ਲੱਖ ਗੈਲਨ ਸਮਰੱਥਾ ਦੇ ਕੰਮ ਕਰਵਾਏ ਜਾਣਗੇ

ਫਾਜ਼ਿਲਕਾ (ਪ੍ਰਵੀਨ ਕੁਮਾਰ) ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਤੇ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ ਵਿਭਾਗ ਅਤੇ ਸੰਸਥੀ ਮਾਮਲੇ ਡਾ. ਰਵਜੋਤ ਸਿੰਘ ਦੀ ਸਰਪ੍ਰਸਤੀ ਹੇਠ ਵਿਧਾਇਕ ਜਲਾਲਾਬਾਦ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਨਗਰ ਪੰਚਾਇਤ ਅਰਨੀਵਾਲਾ ਸ਼ੇਖ ਸੁਭਾਨ ਵਿਖੇ ਵਾਟਰ ਸਪਲਾਈ ਦੀਆਂ ਪਾਈਪ ਲਾਈਨਾਂ ਪਾਉਣ ਦੇ ਕੰਮ ਦੀ ਸੁਰੂਆਤ ਕੀਤੀ! ਇਸ ਮੌਕੇ ਵਿਧਾਇਕ ਜਲਾਲਾਬਾਦ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਹ ਕੰਮ 14.15 ਕਰੋੜ ਦੀ ਲਾਗਤ ਨਾਲ ਕਰਵਾਇਆ ਜਾਣਾ ਹੈ। ਇਸ ਪ੍ਰਜੈਕਟ ਅਧੀਨ 35 ਕਿਲੋਮੀਟਰ ਡੀ.ਆਈ.ਕੇ-7 ਪਾਣੀ ਦੀ ਪਾਈਪ ਪਾਈ



ਜਾਣੀ ਹੈ, 2151 ਘਰੇਲੂ ਪਾਣੀ ਦੇ ਕੁਨੈਕਸ਼ਨ ਅਤੇ 1 ਨੰਬਰ ਪੀਣ ਵਾਲੇ ਪਾਣੀ ਦੀ ਟੈਂਕੀ 1.5 ਲੱਖ ਗੈਲਨ ਸਮਰੱਥਾ ਦੇ ਕੰਮ ਕਰਵਾਏ ਜਾਣੇ ਹਨ। ਉਹਨਾਂ ਦੱਸਿਆ ਕਿ ਇਸ ਸਕੀਮ ਅਧੀਨ ਟੇਲਰ ਮਾਰਕੀਟ, ਟਿੱਬਾ ਏਰੀਆ, ਝੋਟਿਆਂ ਵਾਲੀ ਰੋਡ, ਬਾਮ ਰੋਡ, ਸ੍ਰੀ ਮੁਕਤਸਰ ਸਾਹਿਬ ਰੋਡ, ਡੱਬਵਾਲੀ ਰੋਡ, ਡੱਬਵਾਲੀ ਫਿਰਨੀ, ਮਲੋਟ ਫਾਜਿਲਕਾ ਰੋਡ ਆਦਿ ਵੱਖ-ਵੱਖ ਇਲਾਕੇ ਸ਼ਾਮਿਲ ਹਨ। ਇਹ ਕੰਮ 15 ਮਹੀਨੇ ਦੇ ਅੰਦਰ-ਅੰਦਰ ਕੀਤਾ ਜਾਣਾ ਹੈ। ਜਿਸ ਨਾਲ ਸਾਰੇ ਸ਼ਹਿਰ ਨਿਵਾਸੀਆਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਮਿਲੇਗਾ। ਵਿਧਾਇਕ ਜਲਾਲਾਬਾਦ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਅਰਨੀਵਾਲਾ ਵਿਖੇ 13 ਕਰੋੜ ਦੀ ਲਾਗਤ ਨਾਲ ਸੀਵਰੇਜ ਦੇ ਪ੍ਰੋਜੈਕਟ ਦਾ ਨੀਹ ਪੱਥਰ ਰੱਖਿਆ ਗਿਆ ਸੀ ਜੋ ਕੰਮ ਚੱਲ ਰਿਹਾ। ਇਸ ਤੋਂ ਇਲਾਵਾ ਸਾਢੇ 3 ਕਰੋੜ ਦੀ ਲਾਗਤ ਨਾਲ ਵਾਟਰ ਵਰਕਸ ਚਲਾਉਣ ਦਾ ਕੰਮ ਪੂਰਾ ਕੀਤਾ ਗਿਆ ਸੀ! ਉਨ੍ਹਾਂ ਕਿਹਾ ਕਿ ਅਰਨੀਵਾਲਾ ਛੱਪੜ ਵਾਲੀ ਥਾਂ ਤੇ ਵੀ ਜਲਦੀ ਹੀ ਨਵਾਂ ਪ੍ਰੋਜੈਕਟ ਉਸਾਰਿਆ ਜਾਵੇਗਾ।

# ਪੁਲਿਸ ਕਮਿਸ਼ਨਰ ਵਲੋਂ ਆਵਾਜ਼ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਹੁਕਮ ਜਾਰੀ

ਜਲੰਧਰ, (ਲੋਕ ਬਾਣੀ)-ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ੋਰ ਪ੍ਰਦੂਸ਼ਣ ਦੀ ਰੋਕਥਾਮ ਦੇ ਮੱਦੇਨਜ਼ਰ ਪਬਲਿਕ ਐਮਰਜੈਂਸੀ ਨੂੰ ਛੱਡ ਕੇ ਸਾਇਲੈਂਸ ਜ਼ੋਨ ਜਾਂ ਰਿਹਾਇਸ਼ੀ ਖੇਤਰਾਂ ਅੰਦਰ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਹਾਰਨ ਵਜਾਉਣ 'ਤੇ ਪਾਬੰਦੀ ਲਗਾਈ ਹੈ। ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਹਵਾਲੇ ਨਾਲ ਪੁਲਿਸ ਕਮਿਸ਼ਨਰ ਵਲੋਂ ਜਾਰੀ ਹੁਕਮਾਂ ਤਹਿਤ ਜਨਤਕ ਥਾਵਾਂ ਦੀ ਸੀਮਾ 'ਤੇ ਜਿਥੇ ਲਾਊਡ ਸਪੀਕਰ ਜਾਂ ਪਬਲਿਕ ਐਡਰੈੱਸ ਸਿਸਟਮ ਜਾਂ ਕੋਈ ਵੀ ਆਵਾਜ਼ ਪੈਦਾ ਕਰਨ ਵਾਲਾ ਸਰੋਤ ਵਰਤਿਆ ਜਾ ਰਿਹਾ ਹੈ, ਦੀ ਆਵਾਜ਼ ਖੇਤਰ ਲਈ ਨਿਸ਼ਚਿਤ ਆਵਾਜ਼ ਮੁਤਾਬਕ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਹੁਕਮਾਂ ਅਨੁਸਾਰ ਕੋਈ ਵੀ ਵਿਅਕਤੀ ਰਾਤ 10



ਵਜੇ ਤੋਂ ਸਵੇਰੇ 6 ਵਜੇ ਦੇ ਦਰਮਿਆਨ (ਸਿਵਾਏ ਪਬਲਿਕ ਐਮਰਜੈਂਸੀ ਦੇ) ਮੈਰਿਜ ਪੈਲੇਸਾਂ ਤੇ ਹੋਟਲਾਂ ਵਿੱਚ ਢੋਲ ਜਾਂ ਭੋਂਪੂ , ਆਵਾਜ਼ ਪੈਦਾ ਕਰਨ ਵਾਲਾ ਕੋਈ ਯੰਤਰ, ਸਾਊਂਡ ਐਂਪਲੀਫਾਇਰ ਅਤੇ ਡੀ.ਜੇਜ਼ ਆਦਿ ਨਹੀਂ ਵਜਾਏਗਾ। ਇਸੇ ਤਰ੍ਹਾਂ ਪ੍ਰਾਈਵੇਟ ਮਾਲਕੀ ਵਾਲੇ ਸਾਊਂਡ ਸਿਸਟਮ ਜਾਂ ਆਵਾਜ਼ ਪੈਦਾ ਕਰਨ ਵਾਲੇ ਯੰਤਰ ਦਾ ਸ਼ੋਰ ਦਾ ਪੱਧਰ ਪ੍ਰਾਈਵੇਟ ਥਾਂ ਦੇ ਹੱਦ ਖੇਤਰ ਲਈ ਤੈਅ ਸ਼ੋਰ ਮਾਪਦੰਡਾਂ 5 ਡੀ.ਬੀ.(ਏ) ਤੋਂ ਵੱਧ ਨਹੀਂ ਹੋਵੇਗਾ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਿਊਜ਼ਿਕ ਸਿਸਟਮ ਵਾਲੇ ਵਾਹਨਾਂ ਦੇ ਮਾਮਲੇ ਵਿੱਚ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਮਿਊਜ਼ਿਕ ਸਿਸਟਮ ਰਾਹੀਂ ਪੈਦਾ ਹੋਣ ਵਾਲੀ ਆਵਾਜ਼ ਦਿਨ ਦੇ ਕਿਸੇ ਵੀ ਸਮੇਂ ਵਾਹਨ ਤੋਂ ਬਾਹਰ ਨਾ ਸੁਣਾਈ ਦੇਵੇ। ਜੇਕਰ ਇਨ੍ਹਾਂ ਹੁਕਮਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਅਜਿਹਾ ਕਰਨ ਵਾਲੇ ਸਾਊਂਡ ਯੰਤਰ ਜ਼ਬਤ ਕਰ ਲਏ ਜਾਣਗੇ। ਇਹ ਹੁਕਮ ਮਿਤੀ 6.11.2025 ਤੱਕ ਲਾਗੂ ਰਹੇਗਾ।

# 13 ਸਤੰਬਰ ਨੂੰ ਸ਼ਹੀਦ ਕਰਨਲ ਮਨਪ੍ਰੀਤ ਸਿੰਘ ਦੀ ਨਿਊ ਚੰਡੀਗੜ੍ਹ ਬਰਸੀ ਮਨਾਈ ਜਾਵੇਗੀ

ਜੇ ਕੇ ਬੱਤਾ ਖਰੜ - ਨਿਊ ਚੰਡੀਗੜ੍ਹ -13 ਸਤੰਬਰ ਸੰਨ 2023 ਨੂੰ ਅਨੰਤ ਨਾਗ ਜੰਮੂ ਕਸ਼ਮੀਰ ਵਿਚ ਦੁਸ਼ਮਣਾਂ ਨਾਲ ਲੋਹਾ ਲੈਂਦੇ ਸਮੇਂ ਮੋਹਾਲੀ ਜ਼ਿਲੇ ਦੇ ਪਿੰਡ ਭੜੌਂਜੀਆਂ ਨਿਊ ਚੰਡੀਗੜ੍ਹ ਦੇ ਨੌਜਵਾਨ ਸ਼ਹੀਦ ਕਰਨਲ ਮਨਪ੍ਰੀਤ ਸਿੰਘ (ਕੀਰਤੀ ਚੱਕਰ, ਸੈਨਾ ਮੈਡਲ) ਸ਼ਹੀਦੀ ਪ੍ਰਾਪਤ ਕਰਦਿਆਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਪਰਿਵਾਰ ਵੱਲੋਂ ਆਪਣੇ ਉਸ ਸਪੂਤ ਨੂੰ ਯਾਦ ਕਰਦਿਆਂ ਦੂਜੀ ਬਰਸੀ 13 ਸਤੰਬਰ ਨੂੰ ਮਨਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅੱਜ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸ਼ਹੀਦ ਕਰਨਲ ਮਨਪ੍ਰੀਤ ਸਿੰਘ ਦੇ ਬਰਸੀ ਸਮਾਗਮ ਪਾਰਕ ਇਕੋ ਸਿਟੀ ਵਨ (ਵੱਡੇ ਚੌਂਕ ਦੇ ਨਾਲ) ਪਿੰਡ ਭੜੌਂਜੀਆਂ ਨਿਊ ਚੰਡੀਗੜ੍ਹ ਵਿਖੇ ਹੋਣਗੇ। ਜਿਸ ਵਿੱਚ ਸ਼ਹੀਦ ਨਮਿਤ ਰੱਖੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਸਿੱਖ ਕੌਮ ਦੇ ਮਹਾਨ ਕੀਰਤਨੀਏ ਸ਼ਬਦ ਗਾਇਨ ਕਰਨਗੇ।ਇਸ ਮੌਕੇ ਗੁਰੂ ਕਾ ਲੰਗਰ ਵੀ ਵਰਤਾਇਆ ਜਾਵੇਗਾ।ਇਸ ਮੌਕੇ ਸ਼ਹੀਦ ਦੇ ਧਰਮਪਤਨੀ ਸ਼੍ਰੀਮਤੀ ਜਗਮੀਤ ਕੌਰ, ਪੁੱਤਰ ਕਬੀਰ, ਪੁਤਰੀ ਬਾਣੀ ਅਤੇ ਮਾਤਾ ਮਨਜੀਤ ਕੌਰ ਜੀ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਬਰਸੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਗਈ ਹੈ।ਇਸ ਮੌਕੇ ਅੱਜ ਪਰਿਵਾਰ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਸਮਾਜ ਸੇਵੀ ਸ੍ਰੀ ਅਰਵਿੰਦ ਪੁਰੀ ਨੇ ਦੱਸਿਆ ਕਿ ਸ਼ਹੀਦ ਕਰਨਲ ਮਨਪ੍ਰੀਤ ਸਿੰਘ ਦੀ ਸ਼ਹਾਦਤ ਸਮੇਂ ਅਤੇ ਅੰਤਿਮ ਅਰਦਾਸ ਮੌਕੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨਾਲ ਸ਼ਹੀਦ ਦੀ ਯਾਦ ਵਿੱਚ ਕੁਝ ਯਾਦਗਾਰਾਂ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਸੀ ਅਤੇ ਪਰਿਵਾਰ, ਪਿੰਡ ਅਤੇ ਇਲਾਕਾ ਨਿਵਾਸੀਆਂ ਨੇ ਵੀ ਮੰਗ ਕੀਤੀ ਸੀ ਕਿ ਸ਼ਹੀਦ ਦੇ ਨਾਂ ਤੇ ਮੁੱਲਾਂਪੁਰ ਬੈਰੀਅਰ ਤੇ ਇੱਕ ਗੇਟ ਬਣਾਇਆ ਜਾਵੇ ਅਤੇ ਬੈਰੀਅਰ ਤੋਂ ਕੁਰਾਲੀ ਤੱਕ ਇਸ ਰੋਡ ਦਾ ਨਾਂ ਸ਼ਹੀਦ ਕਰਨਲ ਮਨਪ੍ਰੀਤ ਸਿੰਘ ਦੇ ਨਾਂ ਤੇ ਰੱਖਿਆ ਜਾਵੇ ਜਾਂ ਕੋਈ ਸਟੇਡੀਅਮ ਜਾਂ ਲਾਈਬ੍ਰੇਰੀ ਪਿੰਡ ਵਿੱਚ ਸਥਾਪਤ ਕਰਨ ਜਾਂ ਕੋਈ ਹੋਰ ਅਦਾਰਾ ਸ਼ਹੀਦ ਦੇ ਨਾਂ ਤੇ ਬਣਾਇਆ ਜਾਵੇ




# ਪਿੰਡ ਤੇਜਾ ਰੋਹੇਲਾ 'ਚ 19 ਬਟਾਲੀਅਨ ਬੀ.ਐਸ.ਐਫ ਵੱਲੋਂ ਹੜ੍ਹ ਪੀੜਤਾਂ ਲਈ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ

ਫਾਜ਼ਿਲਕਾ, (ਰਾਜ ਅਰੋੜਾ)-ਸੀਮਾ ਸੁਰੱਖਿਆ ਬਲ ਦੀ 19 ਬਟਾਲੀਅਨ ਵੱਲੋਂ ਸਿਵਿਕ ਐਕਸ਼ਨ ਪ੍ਰੋਗਰਾਮ 2025-26 ਤਹਿਤ ਪਿੰਡ ਤੇਜਾ ਰੋਹੇਲਾ ਵਿੱਚ ਹੜ੍ਹ ਪੀੜਤ ਲੋਕਾਂ ਲਈ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਹ ਸਰਹੱਦੀ ਪਿੰਡ ਮਾਨਸੂਨੀ ਬਾਰਿਸ਼ ਅਤੇ ਸਤਲੁਜ ਦਰਿਆ ਨਾਲੋਂ ਛੱਡੇ ਗਏ ਪਾਣੀ




ਕਾਰਨ ਪੂਰੀ ਤਰ੍ਹਾਂ ਮੁੱਖ ਧਰਤੀ ਨਾਲੋਂ ਕੱਟ ਗਿਆ ਹੈ। ਇਸ ਮੈਡੀਕਲ ਕੈਂਪ ਦੀ ਅਗਵਾਈ ਕਮਾਂਡੈਂਟ ਸ਼ ?ਰੀ ਸੁਨੀਲ ਸੋਇਬਮ ਨੇ ਕੀਤੀ, ਜਦਕਿ ਡੀਸੀ/ਕਿਊਐਮ ਸ਼ ?ਰੀ ਗੌਰਵ ਯਾਦਵ ਵੀ ਇਸ ਮੌਕੇ ਹਾਜ਼ਰ ਸਨ। ਮੈਡੀਕਲ ਟੀਮ ਵਿੱਚ ਡਾ. ਸ਼ਾਇਨ ਐਸ ਆਈ (ਏਸੀ/ਐਮ.ਓ), 19 ਬੀਐਨ ਬੀ.ਐਸ.ਐਫ, ਡਾ. ਗੁਰਮੀਤ ਰਾਇ (ਐਚਐਮਓ), ਡਾ. ਮਾਨਵ ਗਰੋਵਰ (ਐਮਓ) ਅਤੇ ਨਾਗਰਿਕ ਹਸਪਤਾਲ ਫਾਜ਼ਿਲਕਾ ਦੇ ਤਿੰਨ ਪੈਰਾ-ਮੈਡੀਕਲ ਸਟਾਫ਼ ਸ਼ਾਮਲ ਸਨ।ਕੈਂਪ ਦੌਰਾਨ ਪਿੰਡ ਵਾਸੀਆਂ ਨੂੰ ਜ਼ਰੂਰੀ ਮੈਡੀਕਲ ਸੇਵਾਵਾਂ ਅਤੇ ਮੁਫ਼ਤ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਕਮਾਂਡੈਂਟ ਸ਼ ?ਰੀ ਸੁਨੀਲ ਸੋਇਬਮ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਸਫ਼ਾਈ ਤੇ ਸਿਹਤ, ਹੜ੍ਹ ਦੇ ਪਾਣੀ ਨਾਲ ਫੈਲ ਸਕਦੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਅਤੇ ਕਿਹਾ ਕਿ ਪਿੰਡ ਵਾਸੀਆਂ ਨੂੰ ਦੇਸ਼ ਦੀ ਸਰਹੱਦ ਦੀ ਸੁਰੱਖਿਆ ਵਿੱਚ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਦੇਸ਼ ਵਿਰੋਧੀ ਤੱਤਾਂ ਤੋਂ ਚੌਕਸ ਰਹਿਣ ਦੀ ਅਪੀਲ ਵੀ ਕੀਤੀ।


# ਜਨਮ ਦਿਨ ਮੁਬਾਰਕ !



ਸਹਿਜਪ੍ਰੀਤ ਸਿੰਘ
ਪੁੱਤਰ ਸਰਵਜੀਤ ਸਿੰਘ
ਗੁਰਦਾਸਪੁਰ


# ਰੈਸਟੋਰੈਂਟ, ਕਲੱਬ ਤੇ ਹੋਰ ਲਾਇਸੰਸਸ਼ੁਦਾ ਖਾਣ-ਪੀਣ ਵਾਲੀਆਂ ਥਾਵਾਂ ਰਾਤ 12 ਵਜੇ ਤੱਕ ਮੁਕੰਮਲ ਬੰਦ ਕਰਨ ਦੇ ਹੁਕਮ

ਜਲੰਧਰ, (ਲੋਕ ਬਾਣੀ)- ਪੁਲਿਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਨੇ ਕਮਿਸ਼ਨਰੇਟ ਪੁਲਿਸ ਦੇ ਅਧਿਕਾਰ ਖੇਤਰ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਣਾਈ ਰੱਖਣ ਦੇ ਉਦੇਸ਼ ਨਾਲ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਮੂਹ ਰੈਸਟੋਰੈਂਟ, ਕਲੱਬ ਅਤੇ ਹੋਰ ਅਜਿਹੀਆਂ ਲਾਇਸੰਸਸ਼ੁਦਾ ਖਾਣ-ਪੀਣ ਵਾਲੀਆਂ ਥਾਵਾਂ ਅੱਧੀ ਰਾਤ 12 ਵਜੇ ਤੱਕ ਮੁਕੰਮਲ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਕਮਿਸ਼ਨਰੇਟ ਦੀ ਹੱਦ ਅੰਦਰ ਕਿਸੇ ਰੈਸਟੋਰੈਂਟ, ਕਲੱਬ ਜਾਂ ਹੋਰ ਲਾਇਸੰਸਸ਼ੁਦਾ ਖਾਣ-ਪੀਣ ਵਾਲੀਆਂ ਥਾਵਾਂ ਵਿੱਚ ਰਾਤ 11:30 ਵਜੇ ਤੋਂ ਬਾਅਦ ਭੋਜਨ, ਪੀਣ ਵਾਲੇ ਪਦਾਰਥ ਆਦਿ ਦਾ ਕੋਈ ਆਰਡਰ ਨਹੀਂ ਲਿਆ ਜਾਵੇਗਾ ਅਤੇ ਨਾ ਹੀ ਕਿਸੇ ਵੀ ਨਵੇਂ ਗਾਹਕ ਨੂੰ ਰਾਤ 11:30 ਤੋਂ ਬਾਅਦ ਰੈਸਟੋਰੈਂਟਾਂ, ਕਲੱਬਾਂ ਜਾਂ ਹੋਰ ਲਾਇਸੰਸਸ਼ੁਦਾ ਖਾਣ-ਪੀਣ ਵਾਲੀਆਂ ਥਾਵਾਂ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ। ਸ਼ਰਾਬ ਦੀਆਂ ਦੁਕਾਨਾਂ ਨਾਲ ਲੱਗਦੇ ਅਹਾਤੇ ਰਾਤ 12 ਵਜੇ ਜਾਂ ਲਾਇਸੈਂਸ ਦੀਆਂ ਸ਼ਰਤਾਂ ਅਨੁਸਾਰ ਮੁਕੰਮਲ ਬੰਦ ਹੋ ਜਾਣੇ ਚਾਹੀਦੇ ਹਨ। ਹੁਕਮਾਂ ਵਿੱਚ ਸਾਰੀਆਂ ਸੰਸਥਾਵਾਂ ਨੂੰ ਆਵਾਜ਼ ਦਾ ਪੱਧਰ 10 ਡੀ.ਬੀ. (ਏ) ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਡੀ.ਜੇ., ਲਾਈਵ ਆਰਕੈਸਟਰਾ/ਸਿੰਗਰ ਆਦਿ ਸਮੇਤ ਸਾਰੇ ਸਾਊਂਡ ਪੈਦਾ ਕਰਨ ਵਾਲੇ ਸਰੋਤ ਰਾਤ 10 ਵਜੇ ਬੰਦ ਹੋਣੇ ਚਾਹੀਦੇ ਹਨ ਜਾਂ ਉਨ੍ਹਾਂ ਦੀ ਆਵਾਜ਼ ਘੱਟ ਹੋਣੀ ਚਾਹੀਦੀ ਹੈ। ਰਾਤ 10 ਵਜੇ ਤੋਂ ਬਾਅਦ ਕਿਸੇ ਵੀ ਇਮਾਰਤ ਜਾਂ ਕੈਂਪਸ ਦੇ ਅੰਦਰ ਪੈਦਾ ਹੋਣ ਵਾਲੀ ਕੋਈ ਵੀ ਆਵਾਜ਼ ਚਾਰਦਿਵਾਰੀ ਤੋਂ ਬਾਹਰ ਨਹੀਂ ਸੁਣਾਈ ਦੇਣੀ ਚਾਹੀਦੀ। ਮਿਊਜ਼ਿਕ ਸਿਸਟਮ ਵਾਲੇ ਵਾਹਨਾਂ ਦੇ ਮਾਮਲੇ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਮਿਊਜ਼ਿਕ ਸਿਸਟਮ ਦੀ ਆਵਾਜ਼ ਦਿਨ ਦੇ ਕਿਸੇ ਵੀ ਸਮੇਂ ਵਾਹਨ ਦੇ ਬਾਹਰ ਨਹੀਂ ਸੁਣਾਈ ਨਹੀਂ ਦੇਣੀ ਚਾਹੀਦੀ। ਇਹ ਹੁਕਮ 07-11-2025 ਤੱਕ ਲਾਗੂ ਰਹੇਗਾ।

# ਪਿੰਡ ਜਯੰਤੀ ਮਾਜਰੀ ਨਿਊ ਚੰਡੀਗੜ੍ਹ ਵਿੱਚ, ਪਿਤਾ ਦੇਸਰਾਜ ਦੀ ਖ਼ੁਸ਼ੀ ਤਿੰਨ ਗੁਣਾ ਵੱਧ ਗਈ

## ਵੱਡੀ ਧੀ ਜੱਜ ਬਣੀ, ਦੂਜਾ ਪੁੱਤਰ ਆਈਆਰਐਸ ਬਣਿਆ, ਹੁਣ ਤੀਜਾ ਪੁੱਤਰ ਫੌਜ ਵਿੱਚ ਲੈਫਟੀਨੈਂਟ ਬਣ ਗਿਆ

ਜੇ ਕੇ ਬੱਤਾ ਖਰੜ - ਨਿਊ ਚੰਡੀਗੜ੍ਹ - ਹਰ ਮਾਤਾ-ਪਿਤਾ ਦਾ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਜ਼ਿੰਦਗੀ ਵਿੱਚ ਸਫਲ ਹੋਣ ਅਤੇ ਵੱਡੇ ਅਫਸਰ ਬਣਨ। ਮਾਪੇ ਆਪਣੇ ਬੱਚਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਖ਼ਤ ਮਿਹਨਤ ਕਰਦੇ ਹਨ। ਇਸੇ ਸੁਪਨੇ ਨਾਲ, ਜ਼ਿਲ੍ਹਾ ਮੋਹਾਲੀ ਦੇ ਪਿੰਡ ਜਯੰਤੀ ਮਾਜਰੀ ਨਿਊ ਚੰਡੀਗੜ੍ਹ ਦੇ ਦੇਸਰਾਜ ਚੌਧਰੀ ਵੀ ਗਏ ਅਤੇ ਹੁਣ ਉਨ੍ਹਾਂ ਦੇ ਸਾਰੇ ਸੁਪਨੇ ਸਾਕਾਰ ਹੋ ਗਏ ਹਨ। ਆਰਟੀਜੀ ਪੰਚਕੂਲਾ ਵਿੱਚ ਮੋਟਰ ਵਹੀਕਲ ਅਫਸਰ ਦੇਸਰਾਜ ਚੌਧਰੀ ਕਹਿੰਦੇ ਹਨ ਕਿ ਇਹ ਮੇਰਾ ਸੁਪਨਾ ਸੀ ਕਿ ਮੇਰੇ ਤਿੰਨੋਂ ਬੱਚੇ ਅਫਸਰ ਬਣਨ। ਮੈਂ ਹਮੇਸ਼ਾ ਆਪਣੇ ਬੱਚਿਆਂ ਲਈ ਇਹ ਟੀਚਾ ਰੱਖਿਆ ਸੀ। ਜੱਜ ਬਣੀ ਸਭ ਤੋਂ ਵੱਡੀ ਧੀ ਕਾਮਨੀ ਚੌਧਰੀ ਰੋਪੜ ਜ਼ਿਲ੍ਹਾ ਅਦਾਲਤ ਵਿੱਚ



ਸੇਵਾ ਨਿਭਾ ਰਹੀ ਹੈ। ਉਸ ਤੋਂ ਬਾਅਦ ਪੁੱਤਰ ਕਮਲ ਚੌਧਰੀ ਯੂਪੀਐਸਸੀ ਪਾਸ ਕਰਕੇ ਆਈਆਰਐਸ ਬਣ ਗਿਆ।

# ਡੀ ਸੀ ਵੱਲੋਂ ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕਾ ਝੋਨਾ ਲਿਆਉਣ ਦੀ ਅਪੀਲ

## ਵੱਧ ਨਮੀ ਵਾਲੇ ਝੋਨੇ ਕਾਰਨ ਮੰਡੀਆਂ ਵਿੱਚ ਆਉਦੀ ਹੈ ਖਰੀਦ, ਲਿਫਟਿੰਗ ਤੇ ਜਾਮ ਦੀ ਸਮੱਸਿਆ

ਫਾਜ਼ਿਲਕਾ, (ਲੋਕ ਬਾਣੀ)-ਇਸ ਵਾਰ ਝੋਨੇ ਦੇ ਖ਼ਰੀਦ ਸੀਜਨ 2025-26 ਦੌਰਾਨ ਜਿਲ੍ਹੇ ਦੇ ਵਿੱਚ 63 ਖਰੀਦ ਕੇਂਦਰਾਂ ਸਥਾਪਿਤ ਕੀਤੇ ਗਏ ਹਨ ਤੇ ਖਰੀਦ ਲਈ ਮੰਡੀ ਬੋਰਡ ਤੇ ਖਰੀਦ ਏਜੰਸੀਆਂ ਨੂੰ ਸੀਜਨ ਤੋ ਪਹਿਲਾਂ ਪ੍ਰਬੰਧ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਗਏ ਹਨ ਤਾਂ ਜੋ ਕਿਸਾਨਾਂ, ਮਜ਼ਦੂਰਾਂ ਤੇ ਆੜਤੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਵੇ।ਇਹ ਜਾਣਕਾਰੀ ਫਾਜਿਲ੍ਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਨੇ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਝੋਨੇ ਦੇ ਸੀਜ਼ਨ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ, ਜਿੰਨਾਂ ਵਿੱਚ ਮੁੱਖ ਤੌਰ ਤੇ ਅਨਾਜ ਵਿੱਚ ਜਿਆਦਾ ਨਮੀ ਦੀ ਮਾਤਰਾ ਦਾ ਹੋਣਾ ਹੈ। ਉਨ੍ਹਾਂ ਦੱਸਿਆ ਕਿ ਝੋਨੇ ਵਿੱਚ ਨਮੀ ਜ਼ਿਆਦਾ ਹੋਣ ਕਾਰਨ ਮੰਡੀਆਂ ਵਿੱਚ ਭਾਰੀ ਸਮੱਸਿਆ ਪੈਦਾ ਹੁੰਦੀ ਹੈ ਕਿਉਂਕਿ ਵੱਧ ਨਮੀ ਵਾਲੇ ਝੋਨੇ ਨੂੰ ਸੁਕਾਉਣ ਲਈ ਮੰਡੀਆਂ ਵਿੱਚ ਜ਼ਿਆਦਾ ਜਗ?ਹਾ ਦੀ ਲੋੜ ਪੈਂਦੀ ਹੈ। ਜਿਸ ਕਾਰਨ ਹੋਰ ਝੋਨਾ ਲਾਉਣ ਦੀ ਜਗ?ਹਾ ਨਹੀਂ ਰਹਿੰਦੀ ਹੈ ਅਤੇ ਮੰਡੀ ਵਿੱਚ ਗਲੱਟ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਤੋਂ ਇਲਾਵਾ ਟਰੱਕਾਂ ਅਤੇ ਟਰਾਲੀਆਂ ਦੇ ਆਉਣ ਜਾਣ ਲਈ ਵੀ ਜਗ?ਹਾਂ ਦੀ ਦਿੱਕਤ ਆ ਜਾਂਦੀ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੇ ਸੀਜ਼ਨ ਦੌਰਾਨ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਤਾਂ ਜੋ ਖਰੀਦ ਸਬੰਧੀ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਕਟਾਈ ਲਈ ਰਾਤ ਨੂੰ ਹੈਰਵੈਸਟ ਕੰਬਾਈਨ ਦੀ ਵਰਤੋਂ ਨਾ ਕਰਨ ਤਾਂ ਜੋ ਖਰੀਦ ਵੇਲੇ ਵੱਧ ਨਮੀ ਕਾਰਨ ਕੋਈ ਪਰੇਸ਼ਾਨੀ ਨਾ ਆਵੇ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਕਟਾਈ ਦਿਨ ਵੇਲੇ ਹੀ ਕਰਨ ਤਾਂ ਜੋ ਨਮੀ ਦੀ ਮਾਤਰਾ ਵੱਧ ਨਾ ਹੋਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵੱਖ ਵੱਖ ਪਿੰਡਾਂ ਵਿੱਚ ਧਾਰਮਿਕ ਸਥਾਨਾਂ ਦੇ ਸਪੀਕਰ ਰਾਹੀਂ ਵੀ ਕਿਸਾਨਾਂ ਨੂੰ ਸੁੱਕੇ ਝੋਨੇ ਦੀ ਮਹੱਤਤਾ ਬਾਰੇ ਦੱਸਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਫ਼ਸਲ ਦਾ ਸਹੀ ਮੁੱਲ ਮਿਲੇ ਤੇ ਉਨ੍ਹਾਂ ਦੇ ਸਮੇਂ ਦੀ ਬੱਚਤ ਹੋਵੇ। ਇਸ ਮੌਕੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਵੰਦਨਾ ਕੰਬੋਜ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ।

# ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਹੜ੍ਹ ਪ੍ਰਭਾਵਿਤ ਪਿੰਡ ਚੱਕ ਰੁਹੇਲਾ, ਤੇਜਾ ਰੁਹੇਲਾ, ਮਹਾਤਮ ਨਗਰ ਤੇ ਢਾਣੀ ਲਾਭ ਸਿੰਘ ਦੇ ਲੋਕਾਂ ਨੂੰ ਵੰਡੀ ਰਾਹਤ ਸਮੱਗਰੀ

ਫਾਜ਼ਿਲਕਾ (ਰਾਜ ਅਰੋੜਾ/ਪ੍ਰਵੀਨ ਕੁਮਾਰ)-ਵਿਧਾਇਕ ਫਾਜ਼ਿਲਕਾ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡ ਮਹਾਤਮ ਨਗਰ, ਢਾਣੀ ਲਾਭ ਸਿੰਘ, ਤੇਜਾ ਰੁਹੇਲਾ ਤੇ ਚੱਕ ਰੁਹੇਲਾ ਪਹੁੰਚ ਕੇ ਹੜ੍ਹ ਪੀੜਤ ਲੋਕਾਂ ਦਾ ਹਾਲ ਜਾਣਿਆ ਤੇ ਹੋਏ ਖ਼ਰਾਬੇ ਦਾ ਜਾਇਜ਼ਾ ਲਿਆ। ਇਸ ਦੌਰਾਨ ਵਿਧਾਇਕ ਨੇ ਪਿੰਡ ਵਾਸੀਆਂ ਨੂੰ ਰਾਹਤ ਸਮੱਗਰੀ ਦੀ ਵੰਡ ਵੀ ਕੀਤੀ। ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਪਹਾੜੀ ਖੇਤਰਾਂ ਵਿੱਚ ਭਾਰੀ ਬਾਰਿਸ਼ ਪੈਣ ਕਰਕੇ ਹਲਕੇ ਦੇ ਕਾਂਵਾਂਵਾਲੀ ਪੁੱਲ ਪਾਰ ਦੇ ਪਿੰਡ ਪਾਣੀ ਦੀ ਮਾਰ ਹੇਠ ਆਏ ਸਨ ਜਿਸ ਕਾਰਨ ਲੋਕਾਂ ਦਾ ਕਾਫੀ ਨੁਕਸਾਨ ਹੋਇਆ ਤੇ ਇੱਥੋਂ ਤੱਕ ਉਨ੍ਹਾਂ ਨੂੰ ਆਪਣਾ ਖਾਣ ਪੀਣ ਦਾ ਗੁਜ਼ਾਰਾ ਕਰਨਾ ਵੀ ਔਖਾ ਹੋ ਗਿਆ ਜਿਸ ਨੂੰ ਦੇਖਦੇ ਹੋਏ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਸ਼ਨ ਸਮੱਗਰੀ



ਦੀ ਵੰਡ ਜਾਰੀ ਹੈ ਜਿਵੇਂ ਪਸ਼ੂਆਂ ਲਈ ਫੀਡ, ਦਵਾਈਆਂ, ਖਾਣ ਲਈ ਰਾਸ਼ਨ, ਤਰਪਾਲਾਂ ਤੇ ਹੋਰ ਡਾਕਟਰੀ ਟੀਮਾਂ ਲਗਾਤਾਰ ਇਨ੍ਹਾਂ ਪਿੰਡਾਂ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਰਾਸ਼ਨ ਸਮੱਗਰੀ ਸਬੰਧੀ ਮੰਗ ਪੂਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਪਹਿਲਾਂ ਨਾਲੋਂ ਕਾਫੀ ਘਟ ਗਿਆ ਹੈ ਤੇ ਜਲਦੀ ਹੀ ਹੋਰ ਪਾਣੀ ਘਟਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਖਰਾਬੇ ਦਾ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਵੀ ਦਿੱਤਾ ਜਾਵੇਗਾ। ਸਰਕਾਰ ਇਸ ਕੁਦਰਤੀ ਆਫਤ ਵਿੱਚ ਹੜ੍ਹ ਪੀੜਤ ਲੋਕਾਂ ਦੇ ਨਾਲ ਖੜ੍ਹੀ ਹੈ ਤੇ ਹਰ ਸੰਭਵ ਮਦਦ ਕਰ ਰਹੀ ਹੈ ਤੇ ਉਹ ਖੁਦ ਵੀ ਲੋਕਾਂ ਵਿੱਚ ਰੋਜ਼ਾਨਾ ਵਿਚਰ ਰਹੇ ਹਨ।

# ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਲਏ ਗਏ ਫ਼ੈਸਲਿਆਂ ਦਾ ਚੇਅਰਮੈਨ ਜੋਬਨ ਰੰਧਾਵਾ ਨੇ ਕੀਤਾ ਸਵਾਗਤ

## ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ - ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਚੇਅਰਮੈਨ ਜੋਬਨ ਰੰਧਾਵਾ ਜ਼ਿਲ੍ਹਾ ਯੋਜਨਾ ਬੋਰਡ ਅਤੇ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਨੇ ਬੀਤੇ ਕੱਲ੍ਹ ਪੰਜਾਬ ਸਰਕਾਰ ਦੀ ਕੈਬਨਿਟ ਬੈਠਕ ਵਿੱਚ ਨਵੀਂ ਨੀਤੀ ਤਹਿਤ, "ਮੇਰਾ ਖੇਤ, ਮੇਰੀ ਰੇਤ"ਨੀਤੀ ਲਾਗੂ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ ਅਤੇ ਮਾਲਕੀ ਅਧਿਕਾਰ ਵੀ ਉਨ੍ਹਾਂ ਕੋਲ ਹੀ ਰਹਿਣਗੇ ਚੇਅਰਮੈਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿਸੇ ਵੀ ਰਾਜ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਤੋਂ ਇਲਾਵਾ, ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਕਿਸਾਨਾਂ ਨੂੰ ਸੁਸਾਇਟੀਆਂ ਜਾਂ ਸਹਿਕਾਰੀ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਵਿੱਚ ਛੇ ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਜਾਨਵਰ ਅਤੇ ਮੱਛੀਆਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਸਰਕਾਰ ਇਸ ਦੀ ਭਰਪਾਈ ਕਰੇਗੀ ਅਤੇ ਜਾਨਵਰਾਂ ਲਈ ਇੱਕ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਹੜ੍ਹ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ, ਲਗਭਗ 1700 ਪਿੰਡਾਂ ਅਤੇ 300 ਸ਼ਹਿਰੀ ਖੇਤਰਾਂ ਵਿੱਚ ਫੌਗਿੰਗ ਮਸ਼ੀਨਾਂ ਲਗਾਈਆਂ ਜਾਣਗੀਆਂ। ਡਾਕਟਰਾਂ ਦੀ ਇੱਕ ਟੀਮ ਹਰ ਪਿੰਡ ਵਿੱਚ ਕਲੀਨਿਕ ਸਥਾਪਤ ਕਰਕੇ ਭੇਜੀ ਜਾਵੇਗੀ ਤਾਂ ਜੋ ਨੇੜਲੇ ਲੋਕਾਂ ਨੂੰ ਦਵਾਈਆਂ ਅਤੇ



# ਪੰਜਾਬ ਸਰਕਾਰ ਵੱਲੋਂ ਰਾਹਤ ਕੇਂਦਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਮੁਹਈਆ ਕਰਵਾਈ ਜਾ ਰਹੀ ਹੈ ਹਰ ਮਦਦ

## ਸੀਨੀਅਰ ਆਈਏਐਸ ਅਫਸਰ ਕੰਵਲਪ੍ਰੀਤ ਬਰਾੜ ਅਤੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਵੱਲੋਂ ਰਾਹਤ ਕੈਂਪਾਂ ਦਾ ਦੌਰਾ

ਫਾਜ਼ਿਲਕਾ, (ਰਾਜ ਅਰੋੜਾ/ਪ੍ਰਵੀਨ ਕੁਮਾਰ)-ਪੰਜਾਬ ਸਰਕਾਰ ਵੱਲੋਂ ਹੜਾਂ ਦੇ ਕਾਰਨ ਰਾਹਤ ਕੈਂਪਾਂ ਵਿੱਚ ਪਹੁੰਚੇ ਲੋਕਾਂ ਨੂੰ ਹਰ ਪ੍ਰਕਾਰ ਦੀ ਬੁਨਿਆਦੀ ਜਰੂਰਤ ਇਹਨਾਂ ਕੈਂਪਾਂ ਵਿੱਚ ਮੁਹਈਆ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਸੀਨੀਅਰ ਆਈਏਐਸ ਅਫਸਰ ਕੰਵਲਪ੍ਰੀਤ ਬਰਾੜ ਅਤੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਨੇ ਅੱਜ ਪਿੰਡ ਮੌਜਮ, ਰਾਣਾ ਅਤੇ ਸਲੇਮ ਸ਼ਾਹ ਦੇ ਰਾਹਤ ਕੈਂਪਾਂ ਦੇ ਦੌਰੇ ਦੌਰਾਨ ਦਿੱਤੀ। ਜ਼ਿਕਰ ਯੋਗ ਹੈ ਕਿ ਸੀਨੀਅਰ ਆਈਏਐਸ ਅਫਸਰ ਕੰਵਲਪ੍ਰੀਤ ਬਰਾੜ ਹੜ੍ਹਾਂ ਦੇ ਮੱਦੇਨਜਰ ਰਾਹਤ ਕਾਰਜਾਂ ਨੂੰ ਵੇਖਣ ਲਈ ਫਾਜ਼ਿਲਕਾ ਆਏ ਹਨ। ਇਸ ਮੌਕੇ ਉਨ੍ਹਾਂ ਵੱਲੋਂ ਇਹਨਾਂ ਰਾਹਤ ਕੈਂਪਾਂ ਵਿੱਚ ਰਹਿ ਰਹੇ ਬੱਚਿਆਂ ਨੂੰ ਖਾਣ ਪੀਣ ਦਾ ਸਮਾਨ ਵੰਡਿਆ ਗਿਆ ਜਦਕਿ ਇੱਥੇ ਰਹਿ ਰਹੀਆਂ ਮਹਿਲਾਵਾਂ ਨੂੰ ਹਾਈਜੀਨ ਨਾਲ ਸੰਬੰਧਿਤ ਸਮਾਨ ਵੰਡਿਆ ਗਿਆ । ਇਸ ਮੌਕੇ ਡਿਪਟੀ ਕਮਿਸ਼ਨਰ



ਅਮਰਪ੍ਰੀਤ ਕੌਰ ਨੇ ਦੱਸਿਆ ਕਿ ਸਾਰੇ ਰਾਹਤ ਕੈਂਪਾਂ ਵਿੱਚ ਮੈਡੀਕਲ ਵਿਭਾਗ ਅਤੇ ਵੈਟਰਨਰੀ ਵਿਭਾਗ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

# ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਅਧੀਨ ਗਰਭਵਤੀ ਔਰਤਾਂ ਲਈ ਲਗਾਏ ਗਏ ਸਪੈਸ਼ਲ ਕੈਂਪ: ਸਿਵਲ ਸਰਜਨ

## ਮਾਂ ਅਤੇ ਬੱਚੇ ਦੀ ਮੌਤ ਦਰ ਨੂੰ ਘਟਾਉਣ ਲਈ ਜਣੇਪਾ ਸਿਹਤ ਸੰਸਥਾਵਾਂ ਵਿੱਚ ਕਰਾਉਣਾ ਜਰੂਰੀ: ਡਾ. ਕਵਿਤਾ ਸਿੰਘ

ਫਾਜ਼ਿਲਕਾ (ਰਾਜ ਅਰੋੜਾ/ਪ੍ਰਵੀਨ ਕੁਮਾਰ)- ਸਿਵਲ ਸਰਜਨ ਡਾ. ਰਾਜ ਕੁਮਾਰ ਦੀ ਉਚੇਚੀ ਨਿਗਰਾਨੀ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਕਵਿਤਾ ਸਿੰਘ ਦੀ ਦੇਖ ਰੇਖ ਵਿੱਚ ਜਿਲ੍ਹਾ ਫਾਜ਼ਿਲਕਾ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਅਧੀਨ ਗਰਭਵਤੀਆਂ ਲਈ ਸਪੈਸ਼ਲ ਕੈਂਪ ਲਗਾਏ ਗਏ। ਇਸ ਮੌਕੇ ਡਾ. ਕਵਿਤਾ ਸਿੰਘ ਨੇ ਦੱਸਿਆ ਕਿ ਇਸ ਅਭਿਆਨ ਤਹਿਤ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਗਰਭਵਤੀ ਔਰਤਾਂ ਖਾਸ ਕਰਕੇ ਖਤਰੇ ਦੇ ਚਿਨ੍ਹਾਂ ਵਾਲੀਆਂ ਗਰਭਵਤੀ ਔਰਤਾਂ ਦਾ ਸਾਰੇ ਸਰਕਾਰੀ ਹਸਪਤਾਲਾਂ, ਸੀ.ਐਚ.ਸੀ. ਅਤੇ ਹੋਰ ਸੰਸਥਾਵਾਂ ਵਿੱਚ ਸਪੈਸ਼ਲ ਕੈਂਪ ਲਗਾ ਕੇ ਚੈਕ ਅੱਪ, ਟੈਸਟ ਅਤੇ ਇਲਾਜ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਗਰਭਵਤੀ ਔਰਤ ਦੇ ਗਰਭ ਦੌਰਾਨ ਸਮੇਂ ਸਮੇਂ ਸਿਰ ਜਾਂਚ ਹੁੰਦੀ ਰਹੇ ਤਾਂ ਉਸ ਦਾ



ਜਣੇਪਾ ਸੁਰੱਖਿਅਤ ਹੋ ਜਾਂਦਾ ਹੈ। ਉਹਨਾਂ ਦੱਸਿਆ ਕਿ ਸਿਹਤ ਵਿਭਾਗ ਦੇ ਸਟਾਫ਼ ਵੱਲੋਂ ਖਤਰੇ ਵਾਲੀਆਂ ਗਰਭਵਤੀ ਔਰਤਾਂ ਦੀ ਪਹਿਚਾਣ ਕਰਕੇ ਉਹਨਾਂ ਔਰਤਾਂ ਨੂੰ ਇਨ੍ਹਾਂ ਕੈਂਪਾਂ ਵਿੱਚ ਲੈ ਕੇ ਆਇਆ ਜਾਂਦਾ ਹੈ ਤਾਂ ਕਿ ਗਰਭਵਤੀ ਔਰਤਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਦੇ ਕੇ ਆਉਣ ਵਾਲੇ ਖਤਰੇ ਤੋ ਟਾਲਿਆ ਜਾ ਸਕੇ ਅਤੇ ਮੌਤ ਦਰ ਤੇ ਕਾਬੂ ਪਾਇਆ ਜਾ ਸਕੇ। ਉਹਨਾਂ ਕਿਹਾ ਕਿ ਹਰ ਗਰਭਵਤੀ ਔਰਤ ਨੂੰ ਸਮੇਂ ਸਿਰ ਰਜਿਸਟ?ਰੇਸ਼ਨ, ਟੈਟਨਸ ਵੈਕਸੀਨ, ਖ਼ੂਨ ਦੀ ਜਾਂਚ, ਭਾਰ ਦੀ ਜਾਂਚ ਅਤੇ ਗਰਭ ਦੌਰਾਨ ਘੱਟੋਂ ਘੱਟ 4 ਵਾਰ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।

# ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਲਏ ਗਏ ਫ਼ੈਸਲਿਆਂ ਦਾ ਰਮਨ ਬਹਿਲ ਨੇ ਕੀਤਾ ਸਵਾਗਤ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਗੁਰਦਾਸਪੁਰ ਦੇ ਇੰਚਾਰਜ ਸ੍ਰੀ ਰਮਨ ਬਹਿਲ ਨੇ ਬੀਤੇ ਕੱਲ੍ਹ ਪੰਜਾਬ ਸਰਕਾਰ ਦੀ ਕੈਬਨਿਟ ਬੈਠਕ ਵਿੱਚ ਨਵੀਂ ਨੀਤੀ ਤਹਿਤ, "ਮੇਰਾ ਖੇਤ, ਮੇਰੀ ਰੇਤ "ਨੀਤੀ ਲਾਗੂ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ ਅਤੇ ਮਾਲਕੀ ਅਧਿਕਾਰ ਵੀ ਉਨ੍ਹਾਂ ਕੋਲ ਹੀ ਰਹਿਣਗੇ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿਸੇ ਵੀ ਰਾਜ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਤੋਂ ਇਲਾਵਾ, ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ



ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਕਿਸਾਨਾਂ ਨੂੰ ਸੁਸਾਇਟੀਆਂ ਜਾਂ ਸਹਿਕਾਰੀ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਵਿੱਚ ਛੇ ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ ਸ੍ਰੀ ਰਮਨ ਬਹਿਲ ਨੇ ਕਿਹਾ ਕਿ 1988 ਤੋਂ ਬਾਅਦ ਪੰਜਾਬ ਬਹੁਤ ਵੱਡੇ ਹੜ੍ਹਾਂ ਦੀ ਮਾਰ ਝੇਲ ਰਿਹਾ ਹੈ। ਸੂਬੇ ਦੇ 23 ਜ਼ਿਲ੍ਹੇ ਇਸ ਵੇਲੇ ਹੜ੍ਹਾਂ ਦੀ ਲਪੇਟ ਵਿੱਚ ਹਨ। ਲੋਕਾਂ ਦੇ ਖੇਤ ਅਤੇ ਘਰ ਪਾਣੀ ਦੀ ਲਪੇਟ ਵਿੱਚ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੇ ਘਰ ਤਬਾਹ ਹੋ ਗਏ ਹਨ ਜਾਂ ਪਾਣੀ ਵਿੱਚ ਵਹਿ ਗਏ ਹਨ, ਉਨ੍ਹਾਂ ਦਾ ਸਰਵੇਖਣ ਕੀਤਾ ਜਾਵੇਗਾ ਅਤੇ ਸਰਕਾਰ ਨੁਕਸਾਨ ਦਾ ਮੁਲਾਂਕਣ ਹੁੰਦੇ ਹੀ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਵਿੱਚ 6 ਮਹੀਨੇ ਦੀ ਛੋਟ ਦਿੱਤੀ ਗਈ ਹੈ। ਇਸ ਮਿਆਦ ਦੌਰਾਨ ਉਨ੍ਹਾਂ ਨੂੰ ਕਿਸ਼ਤਾਂ ਦਾ ਭੁਗਤਾਨ ਨਹੀਂ ਕਰਨਾ ਪਵੇਗਾ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਜਾਨਵਰ ਅਤੇ ਮੱਛੀਆਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਸਰਕਾਰ ਇਸ ਦੀ ਭਰਪਾਈ ਕਰੇਗੀ ਅਤੇ ਜਾਨਵਰਾਂ ਲਈ ਇੱਕ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਹੜ੍ਹ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ, ਲਗਭਗ 1700 ਪਿੰਡਾਂ ਅਤੇ 300 ਸ਼ਹਿਰੀ ਖੇਤਰਾਂ ਵਿੱਚ ਫੋਗਿੰਗ ਮਸ਼ੀਨਾਂ ਲਗਾਈਆਂ ਜਾਣਗੀਆਂ।

# ਕੇਂਦਰ ਦੀ ਮੋਦੀ ਸਰਕਾਰ ਪੰਜਾਬ ਦਾ 60 ਹਜ਼ਾਰ ਕਰੋੜ ਰੁਪਏ ਦੀ ਬਕਾਇਆ ਰਾਸ਼ੀ ਤੁਰੰਤ ਜਾਰੀ ਕਰੇ - ਜਸਵਿੰਦਰ ਪਾਲ ਸਿੰਘ

ਗੁਰਦਾਸਪੁਰ ( ਜਸਵਿੰਦਰ ਸਿੰਘ )-ਜਸਵਿੰਦਰ ਪਾਲ ਸਿੰਘ ਜਿਲ੍ਹਾ ਪ ?ਵਧਾਨ ਐਸ.ਸੀ ਵਿੰਗ ਗੁਰਦਾਸਪੁਰ ਨੇ ਕਿਹਾ 60 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਰਾਸ਼ੀ ਨੂੰ ਤੁਰੰਤ ਰਿਲੀਜ਼ ਕੀਤਾ ਜਾਵੇ ਉਹਨਾਂ ਨੇ ਕਿਹਾ ਕਿ ਅੰਤਰਰਾਸ਼ਟਰੀ ਸਰਹੱਦ 'ਤੇ ਹੋਣ ਕਾਰਨ ਗੁਰਦਾਸਪੁਰ ਜ਼ਿਲ੍ਹੇ ਨੇ ਹਮੇਸ਼ਾਂ ਵੱਡੀਆਂ ਮੁਸ਼ਕਲਾਂ ਦਾ ਮੋਹਰੀ ਹੋ ਕੇ ਸਾਹਮਣਾ ਕੀਤਾ ਹੈ ਭਾਵੇਂ ਪਾਕਿਸਤਾਨ ਹਿੰਦੁਸਤਾਨ ਦੀ ਲੜਾਈ ਹੋਵੇ ਅਤੇ ਜਾ ਫਿਰ ਹੜ੍ਹਾਂ ਦਾ ਪ੍ਰਕੋਪ ਹੋਵੇ, ਗੁਰਦਾਸਪੁਰ ਜ਼ਿਲ੍ਹੇ ਦਾ ਸਭ ਤੋਂ ਜ਼ਿਆਦਾ ਨੁਕਸਾਨ ਹੁੰਦਾ ਰਿਹਾ ਹੈ ਹੁਣ ਵੀ 37 ਸਾਲਾਂ ਬਾਅਦ ਦੁਬਾਰਾ ਹੜ੍ਹ ਆਉਣ ਕਾਰਨ ਗੁਰਦਾਸਪੁਰ ਜ਼ਿਲ੍ਹੇ ਦਾ ਬਹੁਤ ਵੱਡਾ ਹਿੱਸਾ ਪ੍ਰਭਾਵਿਤ ਹੋਇਆ ਹੈ ਇਸ ਨਾਲ ਫ਼ਸਲਾਂ, ਪਸ਼ੂਆਂ, ਘਰਾਂ, ਕਾਰੋਬਾਰਾਂ



ਸਮੇਤ ਹੋਰ ਅਨੇਕਾਂ ਚੀਜ਼ਾਂ ਦਾ ਵੱਡਾ ਨੁਕਸਾਨ ਹੋਇਆ ਹੈ ਪਰ ਅਜੇ ਤੱਕ ਹੁਣ ਜਦੋਂ ਪੰਜਾਬ ਸਾਰੇ ਹਿੰਦੁਸਤਾਨ ਦਾ ਉਹ ਹਿੱਸਾ ਹੈ ਜਿਹਨੇ ਹਰ ਕੁਰਬਾਨੀ ਦੇ ਵਿੱਚ ਇੱਕ ਵੱਡਾ ਯੋਗਦਾਨ ਦਿੱਤਾ ਹੈ

# ਝੂੰਗੀਆਂ ਤੋਂ ਹਲਾਲਪਰ ਸੜਕ ਦੀ ਮਰੰਮਤ ਦਾ ਕੰਮ ਰਾਣਾ ਰਣਜੀਤ ਸਿੰਘ ਗਿੱਲ ਨੇ ਕੀਤਾ ਸ਼ੁਰੂ

ਜੇ ਕੇ ਬੱਤਾ ਖਰੜ - ਨਿਊ ਚੰਡੀਗੜ੍ਹ ਹਲਕਾ ਖਰੜ ਨਿਊ ਚੰਡੀਗੜ੍ਹ ਦੀਆਂ ਖਸਤਾ ਹਾਲਤ ਸੜਕਾਂ ਦੀ ਭਾਜਪਾ ਆਗੂ ਰਾਣਾ ਰਣਜੀਤ ਸਿੰਘ ਗਿੱਲ ਵੱਲੋਂ ਕੀਤੀ ਜਾ ਰਹੀ ਮੁਰੰਮਤ ਦਾ ਕੰਮ ਝੂੰਗੀਆਂ ਤੋਂ ਹਲਾਲਪਰ ਸੜਕ ਜਿਸ ਦੀ ਸਥਿਤੀ ਬਿਲਕੁਲ ਹੀ ਖਤਮ ਹੋ ਚੁੱਕੀ ਹੈ ਰਾਣਾ ਗਿੱਲ ਨੇ ਸੜਕ ਦੀ ਮਰੰਮਤ ਦਾ ਕੰਮ ਵੈਟਮਿਕਸ ਦੇ ਵੱਡੇ ਟਿੱਪਰ ,ਗਰੇਡਰ, ਰੋਡ ਰੂਲਰ ਲੈ ਕੇ ਮੌਕੇ ਉੱਤੇ ਪੁੱਜ ਕੇ ਸ਼ੁਰੂ ਕਰਵਾਇਆ ,ਸਥਾਨਕ ਲੋਕਾਂ ਨੇ ਰਾਣਾ ਗਿੱਲ ਦਾ ਸਨਮਾਨ ਕੀਤਾ ਅਤੇ ਖੁਸ਼ੀ ਵਿੱਚ ਲੱਡੂ ਵੰਡੇ ,ਰਾਣਾ ਗਿੱਲ ਨੇ ਕਿਹਾ ਕਿ ਸੜਕ ਦੀ ਖਸਤਾ ਹਾਲਤ ਕਾਰਨ ਲੋਕ ਬਹੁਤ ਹੀ ਜ਼ਿਆਦਾ ਪਰੇਸ਼ਾਨ ਹੋ ਰਹੇ ਹਨ ਹਨ ਜਿਸ ਦੇ ਕਾਰਨ ਲੋਕਾਂ ਦੀ ਅਪੀਲ ਤੇ ਮੈਂ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾ ਰਿਹਾ ਹਾਂ ,ਉਹਨਾਂ ਕਿਹਾ ਕਿ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਹਲਕਾ ਖਰੜ ਦੀਆਂ ਸਾਰੀਆਂ ਹੀ ਸੜਕਾਂ ਦਾ ਹਾਲ ਬਹੁਤ ਹੀ ਜਿਆਦਾ ਮਾੜਾ ਹੈ ,ਸਰਕਾਰਾਂ ਦਾ ਕੰਮ ਲੋਕਾਂ ਨੂੰ ਸਹੂਲਤ ਦੇਣਾ ਹੁੰਦਾ ਹੈ ,ਉਨਾਂ ਦੇ ਨਾਲ ਰਣਧੀਰ ਸਿੰਘ ਧੀਰਾ ,ਅਮਰਜੀਤ ਸਿੰਘ ਪੰਛੀ ,ਅਮਰੀਕ ਸਿੰਘ ਹੈਪੀ ਮੰਡਲ ਪ੍ਰਧਾਨ ,ਰੇਸ਼ਮ ਸਿੰਘ ,ਮੋਹਣ ਸਿੰਘ ,ਰਾਜਾ ਲੰਬੜਦਾਰ ,ਦਰਸ਼ਨ ਸਿੰਘ ਪ੍ਰਧਾਨ ਗੁਰਦੁਆਰਾ ,ਬਲਵਿੰਦਰ ਸਿੰਘ ,ਮਾ.ਗੁਰਨਾਮ




ਸਿੰਘ ,ਰਜੇਸ਼ ਨੇਗੀ ,ਅਸ਼ੋਕ ਕੁਮਾਰ ,ਨਿਤਿਨ ਮਹਿਕ ਨਗਰ ਅਤੇ ਹੋਰ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੰਜਾਬ ਸਰਕਾਰ ਦਾ ਜਿਸਦਾ ਖੇਤ ਉਸਦੀ ਰੇਤ ਵਾਲਾ ਫੈਸਲਾ ਸ਼ਲਾਘਾਯੋਗ - ਸ਼ਮਸ਼ੇਰ ਸਿੰਘ

## ਸ਼ਮਸ਼ੇਰ ਸਿੰਘ ਨੇ ਪਸ਼ੂਆਂ ਦੇ ਚਾਰੇ ਲਈ ਅਚਾਰ ਦੀਆਂ ਗੱਡੀਆਂ ਰਵਾਨਾ ਕੀਤੀਆਂ

ਗੁਰਦਾਸਪੁਰ ( ਜਸਵਿੰਦਰ ਸਿੰਘ )- ਦੀਨਾਨਗਰ- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਿਸਦਾ ਖੇਤ ਉਸਦੀ ਰੇਤ ਵਾਲਾ ਅਤੇ 20 ਹਜਾਰ ਰੁਪਏ ਪ੍ਰਤੀ ਏਕੜ ਮੁਆਵਜੇ ਵਾਲਾ ਲਿਆ ਗਿਆ ਫੈਸਲਾ ਬੇਹੱਦ ਸ਼ਲਾਘਾਯੋਗ ਫੈਸਲੇ ਹਨ, ਜਿਸ ਨਾਲ ਹੜ੍ਹ ਪੀੜਤਾਂ ਨੂੰ ਇਸ ਸੰਕਟ ਦੀ ਘੜੀ ਵਿੱਚ ਵੱਡੀ ਰਾਹਤ ਮਿਲੇਗੀ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਦਫਤਰ ਅੱਬਲਖੈਰ ਤੋਂ ਹਲਕੇ ਦੇ ਵੱਖ ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਅੰਦਰ ਪਸ਼ੂਆਂ ਦੇ ਚਾਰੇ ਲਈ ਅਚਾਰ ਅਤੇ ਹੋਰ ਰਸਦਾਂ ਦੀਆਂ ਗੱਡੀਆਂ ਰਵਾਨਾ ਕਰਨ ਮੌਕੇ ਕੀਤਾ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ 20 ਹਜਾਰ ਰੁਪਏ ਪ੍ਰਤੀ




ਏਕੜ ਮੁਆਵਜਾ ਦੇਣ ਵਾਲਾ ਪੰਜਾਬ ਪਹਿਲਾ ਰਾਜ ਹੈ ਜਿਸਨੇ ਅਪਣੇ ਕਿਸਾਨਾਂ ਲਈ ਇਹ ਪਹਿਲਕਦਮੀ ਕੀਤੀ ਹੈ। ਉਹਨਾਂ ਕਿਹਾ ਕਿ ਇਸ ਕੁਦਰਤੀ ਆਫਤ ਕਾਰਨ ਦੀਨਾਨਗਰ ਹਲਕੇ ਦੇ 78 ਪਿੰਡ ਪ੍ਰਭਾਵਿਤ ਹੋਏ ਹਨ, ਜਿੱਥੇ ਫਸਲਾਂ, ਘਰਾਂ ਅਤੇ ਮਸ਼ੀਨਰੀ ਸਣੇ ਬੁਨਿਆਦੀ ਢਾਂਚੇ ਦੇ ਵੱਡਾ ਨੁਕਸਾਨ ਹੋਇਆ ਹੈ। ਪ੍ਰਭਾਵਿਤ ਪਿੰਡਾਂ ਅੰਦਰ ਲੋਕਾਂ ਦੀ ਸਹਾਇਤਾ ਲਈ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਵੱਲੋਂ ਸੁਚੱਜੇ ਢੰਗ ਨਾਲ ਲੋਕਾਂ ਨੂੰ ਸਹਾਇਤ ਪਹੁੰਚਾਉਣ ਲਈ ਕੰਮ ਕੀਤਾ ਜਾ ਰਿਹਾ ਹੈ

# ਲੋਕ ਹਿੱਤ ਮਿਸ਼ਨ ਨਿਊ ਚੰਡੀਗੜ੍ਹ ਵੱਲੋਂ ਫ਼ਾਜਲਿਕਾ ਅਬੋਹਰ ਵਿਖੇ ਹੜ੍ਹ ਰਾਹਤ ਕੈਂਪ ਲਾਉਣ ਸਬੰਧੀ ਮੀਟਿੰਗ

ਜੇ ਕੇ ਬੱਤਾ ਖਰੜ - ਨਿਊ ਚੰਡੀਗੜ੍ਹ ਲੋਕ ਹਿੱਤ ਮਿਸ਼ਨ ਬੀਕੇਯੂ ਪੰਜਾਬ ਵੱਲੋਂ ਹੜ੍ਹਾਂ ਸਬੰਧੀ ਫ਼ਾਜਲਿਕਾ ਅਬੋਹਰ ਵਿਖੇ ਰਾਹਤ ਕੈਂਪ ਲਗਾਉਣ ਸਬੰਧੀ ਮੀਟਿੰਗ ਕੀਤੀ ਗਈ। ਇਸ ਸਬੰਧੀ ਗੁਰਦੁਆਰਾ ਗੜ੍ਹੀ ਭੌਰਖਾ ਸਾਹਿਬ ਮਾਜਰੀ ਬਲਾਕ ਨਿਊ ਚੰਡੀਗੜ੍ਹ ਵਿਖੇ ਰੱਖੀ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਗੁਰਮੀਤ ਸਿੰਘ ਸਾਂਟੂ ਨੇ ਦੱਸਿਆ ਕਿ ਲੋਕ ਹਿੱਤ ਮਿਸ਼ਨ ਅਤੇ ਮਿਸਲ ਸਤਲੁੱਜ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਾਹਤ ਕਾਰਜ ਚਲਾਏ ਜਾ ਰਹੇ ਹਨ। ਇਸੇ ਤਹਿਤ ਹੁਣ ਅਗਲੇ ਦਿਨਾਂ 'ਚ ਬਾਰਡਰ ਏਰੀਆ ਦੇ ਪ੍ਰਭਾਵਿਤ ਪਿੰਡਾਂ 'ਚ ਪੱਕੇ ਤੌਰ ਤੇ ਕੈਂਪ ਲਗਾਕੇ ਜਿੱਥੇ ਰਾਸ਼ਨ ਸਮੱਗਰੀ ਘਰ ਘਰ ਪਹੁੰਚਾਈ ਜਾਵੇਗੀ, ਉਥੇ ਘਰਾਂ ਤੇ ਜ਼ਮੀਨਾਂ ਦੀ ਸਫ਼ਾਈ ਸਮੇਤ ਡਾਕਟਰੀ ਸਹਾਇਤਾ ਵੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸੇ ਦੌਰਾਨ ਗੁਰਦਾਸਪੁਰ, ਡੇਰਾ ਬਾਬਾ ਨਾਨਕ ਤੇ ਫਿਰੋਜ਼ਪੁਰ ਆਦਿ ਖੇਤਰਾਂ 'ਚ ਵੀ ਕੈਂਪ ਲਗਾਕੇ ਸੇਵਾ ਟੀਮਾਂ ਭੇਜੀਆਂ ਜਾਣਗੀਆ। ਇਸ ਮੌਕੇ ਰਵਿੰਦਰ ਸਿੰਘ ਬਜੀਦਪੁਰ, ਮਨਦੀਪ ਸਿੰਘ ਖਿਜਰਾਬਾਦ, ਭਗਤ ਸਿੰਘ ਭਗਤਮਾਜਰਾ, ਦਰਸ਼ਨ ਸਿੰਘ ਖੇੜਾ, ਬਲਵਿੰਦਰ ਸਿੰਘ ਰੰਗੁਆਣਾ, ਸੋਹਣ ਸਿੰਘ ਸੰਗਤਪੁਰਾ, ਗੁਰਮੇਲ ਸਿੰਘ ਮੰਡ, ਰਵਿੰਦਰ ਸਿੰਘ ਹੁਸ਼ਿਆਰਪੁਰ, ਬਹਾਦਰ ਸਿੰਘ ਚਾਹੜ ਮਾਜਰਾ, ਰਾਮ ਸਿੰਘ ਅਭੀਪੁਰ, ਅਵਤਾਰ ਸਿੰਘ ਸਲੇਮਪੁਰ ਤੇ ਕੁਲਵੰਤ ਸਿੰਘ ਸੰਗਤਪੁਰਾ ਆਦਿ ਅਹੁਦੇਦਾਰ ਵੀ ਹਾਜ਼ਰ ਸਨ।



# ਤਰ ਅਤੇ ਨੂੰਹ ਨੇ ਉਨ੍ਹਾਂ ਦੀ ਦੇਖਭਾਲ ਨਹੀਂ ਕੀਤੀ, ਕਾਨਪੁਰ ਵਿੱਚ 10 ਸਾਲਾਂ ਤੋਂ ਇਕੱਲੇ ਬਜ਼ੁਰਗ ਵਿਅਕਤੀ ਦੀ ਲਾਸ਼ ਮਿਲੀ

ਸੁਨੀਲ ਬਾਜਪਾਈ, ਕਾਨਪੁਰ। ਉਹ ਮਾਪੇ ਜੋ ਆਪਣੇ ਬੱਚਿਆਂ ਨੂੰ ਪਾਲਣ ਲਈ ਸਾਰੀਆਂ ਮੁਸੀਬਤਾਂ ਅਤੇ ਦੁੱਖ ਝੱਲਦੇ ਹਨ। ਉਨ੍ਹਾਂ ਨੂੰ ਪੜ੍ਹਾਓ ਅਤੇ ਉਨ੍ਹਾਂ ਦਾ ਭਵਿੱਖ ਬਣਾਓ। ਉਹੀ ਬੱਚੇ ਆਪਣੇ ਮਾਪਿਆਂ ਦੀ ਦੇਖਭਾਲ ਵੀ ਨਹੀਂ ਕਰਦੇ ਜਦੋਂ ਉਹ ਬੁੱਢੇ ਹੋ ਜਾਂਦੇ ਹਨ, ਜਿਸ ਕਾਰਨ ਬਹੁਤ ਸਾਰੇ ਅਜਿਹੇ ਬਜ਼ੁਰਗ ਬਹੁਤ ਦਰਦਨਾਕ ਹਾਲਾਤਾਂ ਵਿੱਚ ਮਰਨ ਲਈ ਮਜਬੂਰ ਹੁੰਦੇ ਹਨ। ਕੁਝ ਅਜਿਹਾ ਹੀ ਸੁਰੇਂਦਰ ਆਹੂਜਾ ਨਾਲ ਹੋਇਆ, ਜੋ ਲਗਭਗ 70 ਸਾਲ ਦੇ ਸਨ। ਉਨ੍ਹਾਂ ਦੀ ਲਾਸ਼ 5 ਦਿਨਾਂ ਬਾਅਦ ਉਨ੍ਹਾਂ ਦੇ ਆਪਣੇ ਘਰ ਤੋਂ ਬਰਾਮਦ ਹੋਈ। ਉਨ੍ਹਾਂ ਦੇ ਪੁੱਤਰ ਅਤੇ ਨੂੰਹ ਦੋਵੇਂ ਬਾਹਰ ਰਹਿੰਦੇ ਹਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਲੰਬੇ ਸਮੇਂ ਤੋਂ ਆਪਣੇ ਬਜ਼ੁਰਗ ਬਾਰੇ ਨਹੀਂ ਪੁੱਛਿਆ ਸੀ। ਇਹ ਘਟਨਾ ਨਜ਼ੀਰਾਬਾਦ ਥਾਣਾ ਖੇਤਰ ਨਾਲ ਸਬੰਧਤ ਹੈ ਜਿੱਥੇ ਮੰਗਲਵਾਰ ਦੁਪਹਿਰ ਨੂੰ ਕੌਸ਼ਲਪੁਰੀ ਖੇਤਰ ਵਿੱਚ ਹਨੂੰਮਾਨ ਮੰਦਰ ਦੇ ਨੇੜੇ ਪੰਜ ਦਿਨਾਂ ਦੇ ਸੁਰੇਂਦਰ ਆਹੂਜਾ (68) ਦੀ ਲਾਸ਼ ਉਸਦੇ ਆਪਣੇ ਘਰ ਵਿੱਚ ਮਿਲੀ। ਇਹ ਘਰ ਵਿੱਚੋਂ ਬਦਬੂ ਆਉਣ ਤੋਂ ਬਾਅਦ ਦੇਖਿਆ ਗਿਆ, ਜਿਸ ਤੋਂ ਬਾਅਦ ਲੋਕਾਂ ਨੇ ਘਟਨਾ ਬਾਰੇ ਪੁਲਿਸ ਨੂੰ ਸੂਚਿਤ ਕੀਤਾ। ਜਿਸ ਤੋਂ ਬਾਅਦ ਪੁਲਿਸ ਅਤੇ ਫੋਰੈਂਸਿਕ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।



# ਰੂਸ ਦੀ ਕ੍ਰਾਂਤੀਕਾਰੀ ਖੋਜ, ਲਾਇਲਾਜ ਬਿਮਾਰੀ ਕੈਂਸਰ ਨੂੰ ਟੀਕੇ ਨਾਲ ਹਰਾਉਣ ਲਈ -ਨਵਾਂ ਟੀਕਾ, ਨਵਾਂ ਇਲਾਜ, ਇਨਕਲਾਬੀ ਖੋਜ-ਇੰਟਰੋਮਿਕਸ ਕੈਂਸਰ ਟੀਕਾ

## ਇੱਕ ਨਵੀਂ ਉਮੀਦ ਇੰਟਰੋਮਿਕਸ ਕੈਂਸਰ ਟੀਕਾ: -ਇਸ ਖੋਜ ਨੂੰ ਵਿਸ਼ਵਵਿਆਪੀ ਖੋਜ ਜਗਤ ਵਿੱਚ ਇੱਕ ਸੰਭਾਵੀ ਗੇਮ-ਚੇਂਜਰ ਮੰਨਿਆ ਜਾ ਰਿਹਾ ਹੈ।

ਗੋਂਡੀਆ - ਕੈਂਸਰ ਵਿਸ਼ਵ ਸਿਹਤ ਜਗਤ ਵਿੱਚ ਇੱਕ ਵਿਆਪਕ ਸੰਕਟ ਰਿਹਾ ਹੈ ਜਿਸਨੇ ਵਿਗਿਆਨੀਆਂ ਨੂੰ ਕਈ ਵਾਰ ਹੈਰਾਨ ਕਰ ਦਿੱਤਾ ਹੈ। ਵਧਦੇ ਕੈਂਸਰ ਦੇ ਮਾਮਲਿਆਂ ਅਤੇ ਇਸਦੇ ਆਰਥਿਕ ਅਤੇ ਸਮਾਜਿਕ ਪ੍ਰਭਾਵਾਂ ਦੀਆਂ ਚੁਣੌਤੀਆਂ ਨੇ ਡਾਕਟਰੀ ਖੋਜ ਨੂੰ ਇੱਕ ਤੋਂ ਵੱਧ ਵਾਰ ਅਗਵਾਈ ਦਿੱਤੀ ਹੈ। ਅੱਜ ਦੇ ਸਮੇਂ ਵਿੱਚ ਕੈਂਸਰ ਤੇਜ਼ੀ ਨਾਲ ਮਨੁੱਖਾਂ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ, ਪਹਿਲਾਂ ਇਹ ਵੱਡੀ ਉਮਰ ਦੇ ਲੋਕਾਂ ਵਿੱਚ ਵਧੇਰੇ ਆਮ ਸੀ, ਪਰ ਅੱਜ ਨੌਜਵਾਨ ਵੀ ਇਸਦੀ ਲਪੇਟ ਵਿੱਚ ਹਨ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਸਰਲ ਸ਼ਬਦਾਂ ਵਿੱਚ, ਮਰਦਾਂ ਤੋਂ ਲੈ ਕੇ ਔਰਤਾਂ ਤੱਕ ਹਰ ਕੋਈ ਕੈਂਸਰ ਤੋਂ ਪ੍ਰੇਸ਼ਾਨ ਹੈ। ਇਸ ਤੋਂ ਇਲਾਵਾ, ਇਸਦੇ ਇਲਾਜ ’ਤੇ ਬਹੁਤ ਖਰਚਾ ਆਉਂਦਾ ਹੈ, ਜਿਸਨੂੰ ਇੱਕ ਆਮ ਆਦਮੀ ਕਈ ਵਾਰ ਬਰਦਾਸ਼ਤ ਕਰਨ ਤੋਂ ਅਸਮਰੱਥ ਹੁੰਦਾ ਹੈ ਅਤੇ ਇਸ ਕਾਰਨ ਹਰ ਸਾਲ ਵੱਡੀ ਗਿਣਤੀ ਵਿੱਚ ਲੋਕ ਮਰਦੇ ਹਨ। ਹੁਣ, ਇਸ ਬਿਮਾਰੀ ਦਾ ਮੁਕਾਬਲਾ ਕਰਨ ਲਈ, ਰੂਸ ਨੇ ਇੱਕ ਟੀਕਾ ਵਿਕਸਤ ਕੀਤਾ ਹੈ। ਜੇਕਰ ਇਹ ਟੀਕਾ ਮਨੁੱਖਾਂ ’ਤੇ ਪੂਰੀ ਤਰ੍ਹਾਂ ਸਫਲ ਹੁੰਦਾ ਹੈ, ਤਾਂ ਇਹ ਮਨੁੱਖੀ ਸਭਿਅਤਾ ਦੀਆਂ ਸਭ ਤੋਂ ਵੱਡੀਆਂ ਖੋਜਾਂ ਵਿੱਚੋਂ ਇੱਕ ਹੋਣ ਜਾ ਰਹੀ ਹੈ। 8 ਸਤੰਬਰ 25 ਨੂੰ ਦੇਰ ਰਾਤ ਪ੍ਰਾਪਤ ਜਾਣਕਾਰੀ ਅਨੁਸਾਰ, ਹੁਣ ਤੱਕ ਐਮ-ਆਰਐਨਏ ਅਧਾਰਤ ਟੀਕਾ ‘ਐਂਟਰੋਮਿਕਸ’ ਪ੍ਰੀ-ਕਲੀਨਿਕਲ ਟ?ਰਾਇਲਾਂ ਵਿੱਚ 100 ਪ੍ਰਤੀਸ਼ਤ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਪਾਇਆ ਗਿਆ ਹੈ। ਇਹ ਟੀਕਾ ਰੂਸ ਦੇ ਨੈਸ਼ਨਲ ਮੈਡੀਕਲ ਰਿਸਰਚ ਰੇਡੀਓਲੋਜੀ ਸੈਂਟਰ ਅਤੇ ਰਸ਼ੀਅਨ ਅਕੈਡਮੀ ਆਫ਼ ਸਾਇੰਸਜ਼ ਦੇ ਏਂਗਲਹਾਰਡਟ ਇੰਸਟੀਚਿਊਟ ਆਫ਼ ਮੋਲੀਕਿਊਲਰ ਬਾਇਓਲੋਜੀ ਦੁਆਰਾ ਸਾਂਝੇ ਤੌਰ ’ਤੇ ਵਿਕਸਤ ਕੀਤਾ ਗਿਆ ਹੈ। ਨਵਾਂ ਟੀਕਾ , ਨਵਾਂ ਇਲਾਜ , ਕ੍ਰਾਂਤੀਕਾਰੀ ਖੋਜ ਵਰਗੀਆਂ ਚੀਜ਼ਾਂ ਅਕਸਰ ਖ਼ਬਰਾਂ ਵਿੱਚ ਆਉਂਦੀਆਂ ਹਨ, ਪਰ ਸੱਚਾਈ ਅਕਸਰ ਤਸੱਲੀਬਖਸ਼ ਨਹੀਂ ਹੁੰਦੀ। ਇਸ ਲਈ, ਰੂਸੀ ਵਿਗਿਆਨਕ ਟੀਮ ਦੁਆਰਾ ਪ੍ਰਕਾਸ਼ਿਤ ਹਾਲ ਹੀ ਵਿੱਚ ਕੀਤੀ ਗਈ ਰਿਪੋਰਟ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇੰਟਰੋਮਿਕਸ ਨਾਮਕ ਐਮ-ਆਰਐਨਏ ਕੈਂਸਰ ਟੀਕਾ ਵਿਸ਼ਵ ਪੱਧਰ ’ਤੇ ਪ੍ਰੀ-ਕਲੀਨਿਕਲ ਤੋਂ ਲੈ ਕੇ ਕਲੀਨਿਕਲ ਟ?ਰਾਇਲਾਂ ਤੱਕ 100 ਪ੍ਰਤੀਸ਼ਤ ਸਫਲ ਰਿਹਾ ਹੈ, ਅਸਲ ਵਿੱਚ ਇੱਕ ਵਿਆਪਕ ਅਤੇ ਧਿਆਨ ਨਾਲ ਮੁਲਾਂਕਣ ਦੀ ਮੰਗ ਕਰਦਾ ਹੈ। ਇੱਕ ਨਵੀਂ ਉਮੀਦ ਇੰਟਰੋਮਿਕਸ ਕੈਂਸਰ ਟੀਕਾ ਹੋਣ ਕਰਕੇ: - ਇੱਕ ਟੀਕੇ ਨਾਲ ਕੈਂਸਰ ਨੂੰ ਹਰਾਉਣ ਦੀ ਇੱਕ ਪਹਿਲ, ਇਸ ਖੋਜ ਨੂੰ ਵਿਸ਼ਵਵਿਆਪੀ ਖੋਜ ਜਗਤ ਵਿੱਚ ਇੱਕ ਸੰਭਾਵੀ ਗੇਮ-ਚੇਂਜਰ ਮੰਨਿਆ ਜਾ ਰਿਹਾ ਹੈ। ਇਸ ਲਈ, ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਕੈਂਸਰ ਦੇ ਇਲਾਜ ਵਿੱਚ ਰੂਸ ਦੀ ਕ੍ਰਾਂਤੀਕਾਰੀ ਖੋਜ- ਨਵਾਂ ਟੀਕਾ , ਨਵਾਂ ਇਲਾਜ , ਕ੍ਰਾਂਤੀਕਾਰੀ ਖੋਜ - ਇੰਟਰੋਮਿਕਸ ਕੈਂਸਰ ਟੀਕਾ ਬਾਰੇ ਚਰਚਾ ਕਰਾਂਗੇ। ਦੋਸਤੋ, ਜੇਕਰ ਅਸੀਂ ਖੋਜ ਦੇ ਦਾਇਰੇ ਅਤੇ ਟੀਕੇ ਦੇ ਵਿਕਾਸ ਅਤੇ ਅਜ਼ਮਾਇਸ਼ ਦੇ ਸ਼ੁਰੂਆਤੀ ਨਤੀਜਿਆਂ ਬਾਰੇ ਗੱਲ ਕਰੀਏ, ਤਾਂ ਰਸ਼ੀਅਨ ਨੈਸ਼ਨਲ ਮੈਡੀਕਲ ਰਿਸਰਚ ਰੇਡੀਓਲੋਜੀਕਲ ਸੈਂਟਰ ਅਤੇ ਐਂਗਲਹਾਰਟ ਇੰਸਟੀਚਿਊਟ ਆਫ਼ ਮੋਲੀਕਿਊਲਰ ਬਾਇਓਲੋਜੀ (ਰਸ਼ੀਅਨ ਅਕੈਡਮੀ ਆਫ਼ ਸਾਇੰਸਿਜ਼) ਦੁਆਰਾ ਸਾਂਝੇ ਤੌਰ ’ਤੇ ਵਿਕਸਤ ਕੀਤੇ ਗਏ ਇੰਟਰੋਮਿਕਸ ਟੀਕੇ ਦਾ ਆਧਾਰ ਉਹੀ ਐਮ-ਆਰ ਐਨਏ ਤਕਨਾਲੋਜੀ ਹੈ ਜੋ ਕੋਵਿਡ -19 ਟੀਕੇ ਵਿੱਚ ਵਰਤੀ ਜਾਂਦੀ ਹੈ। ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਅਕਤੀਗਤ ਟਿਊਮਰ ਜੀਨੋਮਿਕ ਪ੍ਰੋਫਾਈਲਿੰਗ ’ਤੇ ਅਧਾਰਤ ਇੱਕ ਪੂਰੀ ਤਰ੍ਹਾਂ ਅਨੁਕੂਲਿਤ ਥੈਰੇਪੀ ਹੈ। ਇਸਦਾ ਮਤਲਬ ਹੈ ਕਿ ਟੀਕਾ ਹਰੇਕ ਮਰੀਜ਼ ਦੇ ਟਿਊਮਰ ਦੇ ਜੀਨ-ਮਿਊਟੇਸ਼ਨਲ ਵਿਸ਼ਲੇਸ਼ਣ ਦੇ ਅਧਾਰ ਤੇ ਤਿਆਰ ਕੀਤਾ ਜਾਂਦਾ ਹੈ ਤਾਂ ਜੋ ਸਰੀਰ ਦੀ ਇਮਿਊਨ ਸਿਸਟਮ ਕੈਂਸਰ ਸੈੱਲਾਂ ਨੂੰ ਪਛਾਣ ਸਕੇ ਅਤੇ ਨਿਸ਼ਾਨਾ ਬਣਾ ਸਕੇ। ਇਹ ਯਤਨ ਸਟੀਕ, ਤੇਜ਼ ਅਤੇ ਪ੍ਰਭਾਵਸ਼ਾਲੀ ਥੈਰੇਪੀ ਵੱਲ ਲੈ ਜਾਂਦਾ ਹੈ, ਸਿਰਫ਼ ਕਲਾਸ-ਅਧਾਰਿਤ ਇਮਿਊਨਿਟੀ (ਮਿਆਰੀ ਕੈਂਸਰ ਟੀਕਾ) ਤੋਂ ਦੂਰ ਜਾ ਕੇ। ਟ?ਰਾਇਲ - ਫੇਜ਼-1 ਕਲੀਨਿਕਲ ਟ?ਰਾਇਲ ਦੇ ਸ਼ੁਰੂਆਤੀ ਨਤੀਜੇ, ਜਿਸ ਵਿੱਚ ਲਗਭਗ 48 ਸਵੈ-ਇੱਛੁਕ ਭਾਗੀਦਾਰ ਸ਼ਾਮਲ ਸਨ, ਨੇ ਮਰੀਜ਼ਾਂ ਵਿੱਚ ਟਿਊਮਰਾਂ ਵਿੱਚ ਮਹੱਤਵਪੂਰਨ ਕਮੀ ਦਿਖਾਈ ਅਤੇ ਕੋਈ ਗੰਭੀਰ ਮਾੜੇ ਪ੍ਰਭਾਵ ਦਰਜ ਨਹੀਂ ਕੀਤੇ ਗਏ। ਇਹ ਇੱਕ ਦੁਰਲੱਭ ਪ੍ਰਾਪਤੀ ਹੈ, ਕਿਉਂਕਿ ਕੈਂਸਰ ਦੇ ਇਲਾਜ ਵਿੱਚ ਅਕਸਰ ਦਰਦਨਾਕ ਸਿਹਤ ਪ੍ਰਭਾਵ ਹੁੰਦੇ ਹਨ - ਖਾਸ ਕਰਕੇ ਕੀਮੋਥੈਰੇਪੀ, ਰੇਡੀਏਸ਼ਨ ਜਾਂ ਸਰਜਰੀ। ਟ?ਰਾਇਲ ਵਿੱਚ ਪ੍ਰਾਪਤ ਨਤੀਜਿਆਂ ਦੇ ਆਧਾਰ ’ਤੇ, ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਟੀਕਾ ਸੁਰੱਖਿਅਤ ਅਤੇ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ।

ਦੋਸਤੋ, ਜੇਕਰ ਅਸੀਂ ਕੋਲੋਰੈਕਟਲ ਕੈਂਸਰ ’ਤੇ ਪਹਿਲੀ ਸਫਲਤਾ ਅਤੇ ਦਾਅਵਿਆਂ ਅਤੇ ਦੂਜੇ ਟੈਸਟ ਪੋਕੀਜ਼ ਬਾਰੇ ਗੱਲ ਕਰੀਏ, ਤਾਂ

ਇੰਟਰੋਮਿਕਸ ਦੀ ਪਹਿਲੀ ਨਿਸ਼ਾਨਾ ਉਪਯੋਗਤਾ ਕੋਲੋਰੈਕਟਲ ਕੈਂਸਰ (ਵੱਡੀ ਆਂਤ ਦਾ ਕੈਂਸਰ) ’ਤੇ ਕੇਂਦ੍ਰਿਤ ਸੀ। ਇਸ ਕੈਂਸਰ ਦਾ ਵਿਸ਼ਵ ਪੱਧਰ ’ਤੇ ਬਹੁਤ ਜ਼ਿਆਦਾ ਪ੍ਰਸਾਰ ਅਤੇ ਮੌਤ ਦਰ ਹੈ। ਸ਼ੁਰੂਆਤੀ ਰਿਪੋਰਟਾਂ ਦੇ ਅਨੁਸਾਰ, ਇੰਟਰੋਮਿਕਸ ਕੋਲੋਰੈਕਟਲ ਕੈਂਸਰ ਤੋਂ ਪੀੜਤ ਮਰੀਜ਼ਾਂ ਵਿੱਚ ਟਿਊਮਰਾਂ ਨੂੰ ਸੁੰਗੜਨ ਅਤੇ ਵਿਕਾਸ ਨੂੰ ਰੋਕਣ ਵਿੱਚ ਸਫਲ ਹੋਇਆ ਹੈ। ਦਾਅਵੇ ਅਤੇ ਦੂਜੀ ਜਾਂਚ ਦੀਆਂ ਸੰਭਾਵਨਾਵਾਂ- ਰੂਸੀ ਏਜੰਸੀ ਐਫਐਮਬੀਏ (ਫੈਡਰਲ ਮੈਡੀਕਲ ਐਂਡ ਬਾਇਓਲਾਜੀਕਲ ਏਜੰਸੀ) ਨੇ ਐਲਾਨ ਕੀਤਾ ਹੈ ਕਿ ਕਈ ਸਾਲਾਂ ਦੀ ਖੋਜ ਮਿਆਦ ਅਤੇ ਘੱਟੋ-ਘੱਟ ਤਿੰਨ ਸਾਲਾਂ ਦੇ ਲਾਜ਼ਮੀ ਪ੍ਰੀ-ਕਲੀਨਿਕਲ ਅਧਿਐਨਾਂ ਤੋਂ ਬਾਅਦ, ਇਹ ਟੀਕਾ ਹੁਣ ਵਰਤੋਂ ਲਈ ਤਿਆਰ ਹੈ, ਪਰ ਅਧਿਕਾਰਤ ਪ੍ਰਵਾਨਗੀ ਅਜੇ ਵੀ ਪਾਈਪਲਾਈਨ ਵਿੱਚ ਹੈ। ਰਿਪੋਰਟ ਦੇ ਅਨੁਸਾਰ, ਟਿਊਮਰ ਦੀ ਵਿਕਾਸ ਦਰ ਵਿੱਚ 60 ਪ੍ਰਤੀਸ਼ਤ ਤੋਂ 80 ਪ੍ਰਤੀਸ਼ਤ ਦੀ ਗਿਰਾਵਟ ਦਿਖਾਈ ਗਈ ਹੈ ਅਤੇ ਜੀਵਨ ਸੰਭਾਵਨਾ ਵਿੱਚ ਵੀ ਸੁਧਾਰ ਹੋਇਆ ਹੈ।




## ਦੁਨੀਆ ਵਿੱਚ ਵਿਗਿਆਨ ’ਤੇ ਸਭ ਤੋਂ ਵੱਡੀ ਚੁਣੌਤੀ, ਲਾਇਲਾਜ ਕੈਂਸਰ ਨੂੰ ਹਰਾਇਆ ਜਾਵੇਗਾ,÷ਇੰਟਰੋਮਿਕਸ÷ ਕੈਂਸਰ ਟੀਕਾ ਜਲਦੀ ਹੀ ਬਾਜ਼ਾਰ ਵਿੱਚ- ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ



ਦੋਸਤੋ, ਜੇਕਰ ਅਸੀਂ ਅਗਲੀਆਂ ਚੁਣੌਤੀਆਂ ਨੂੰ ਸਮਝਣ ਦੀ ਗੱਲ ਕਰੀਏ: ਵਿਸ਼ਵਵਿਆਪੀ ਜ਼ਰੂਰਤਾਂ ਅਤੇ ਰੁਕਾਵਟਾਂ, ਤਾਂ ਇਸ ਖੋਜ ਨੂੰ ਵਿਸ਼ਵਵਿਆਪੀ ਖੋਜ ਜਗਤ ਵਿੱਚ ਇੱਕ ਸੰਭਾਵੀ ਗੇਮ-ਚੇਂਜਰ ਮੰਨਿਆ ਜਾ ਰਿਹਾ ਹੈ। ਜੇਕਰ ਇਹ ਟੀਕਾ ਅਗਲੇ ਪੜਾਅ ਦੇ ਅਜ਼ਮਾਇਸ਼ਾਂ - ਪੜਾਅ-2, ਪੜਾਅ-3 ਵਿੱਚ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ, ਤਾਂ ਇਸ ਵਿੱਚ ਕੈਂਸਰ ਦੇ ਇਲਾਜ ਦੇ ਆਲੇ ਦੁਆਲੇ ਦੇ ਦ੍ਰਿਸ਼ ਨੂੰ ਬਦਲਣ ਦੀ ਸਮਰੱਥਾ ਹੈ। ਹਾਲਾਂਕਿ, ਵਿਗਿਆਨਕ ਸੰਸਾਰ ਵਿੱਚ, ਪੜਾਅ-1 ਦੀ ਸਫਲਤਾ ਆਮ ਤੌਰ ’ਤੇ ਅੰਤਿਮ ਮੰਜ਼ਿਲ ਨਹੀਂ ਹੁੰਦੀ। ਪੜਾਅ-2 ਅਤੇ ਪੜਾਅ-3 ਦੇ ਵੱਡੇ, ਵਿਆਪਕ ਅਜ਼ਮਾਇਸ਼ਾਂ, ਲੰਬੇ ਸਮੇਂ ਦੇ ਪ੍ਰਭਾਵ, ਉਤਪਾਦਨ-ਲਾਗਤ, ਵੰਡ ਪ੍ਰਣਾਲੀ ਅਤੇ ਰੈਗੂਲੇਟਰੀ ਪ੍ਰਵਾਨਗੀ ਵਰਗੀਆਂ ਚੁਣੌਤੀਆਂ ਅਜੇ ਵੀ ਲੰਬਿਤ ਹਨ। ਫਿਰ ਵੀ, ਅੱਜ, 8 ਸਤੰਬਰ 2025 ਤੱਕ, ਰੂਸ ਦੀ ਖੋਜ ਨਿਸ਼ਚਤ ਤੌਰ ’ਤੇ ਵਿਸ਼ਵਵਿਆਪੀ ਸਿਹਤ ਅਤੇ ਕੈਂਸਰ ਖੋਜ ਦੀ ਦੁਨੀਆ ਵਿੱਚ ਇੱਕ ਸ਼ਾਨਦਾਰ ਅਤੇ ਪ੍ਰੇਰਨਾਦਾਇਕ ਮੋੜ ਬਣ ਗਈ ਹੈ, ਜਿਸ ਨਾਲ ਨਵੀਆਂ ਉਮੀਦਾਂ ਪੈਦਾ ਹੁੰਦੀਆਂ ਹਨ। ਇਹ ਵਿਅਕਤੀਗਤ, ਸਫਲਤਾ ਅਤੇ ਮਾੜੇ ਪ੍ਰਭਾਵ-ਮੁਕਤ ਦਵਾਈ ਦਾ ਭਵਿੱਖੀ ਪ੍ਰਵਾਹ ਹੋ ਸਕਦਾ ਹੈ। ਭਾਰਤ ਵਰਗੇ ਦੇਸ਼ਾਂ ਵਿੱਚ, ਜਿੱਥੇ ਆਰਥਿਕ ਬੋਝ ਅਤੇ ਡਾਕਟਰੀ ਪਹੁੰਚ ਚੁਣੌਤੀਆਂ ਦੇ ਵਿਚਕਾਰ ਕੈਂਸਰ ਇੱਕ ਗੰਭੀਰ ਸਮੱਸਿਆ ਹੈ, ਅਜਿਹੀ ਸਫਲਤਾ ਉਮੀਦ ਦੀ ਕਿਰਨ ਬਣ ਸਕਦੀ ਹੈ, ਬਸ਼ਰਤੇ ਲਾਗਤ, ਬੁਨਿਆਦੀ ਢਾਂਚਾ ਅਤੇ ਰੈਗੂਲੇਟਰੀ ਰੁਕਾਵਟਾਂ ਨੂੰ ਹੱਲ ਕੀਤਾ ਜਾ ਸਕੇ। ਭਾਰਤ ਵਿੱਚ ਕੈਂਸਰ ਦੇ ਇਲਾਜ ’ਤੇ ਸਾਲਾਨਾ ਅੰਦਾਜ਼ਨ 29,000 ਕਰੋੜ ਰੁਪਏ ਖਰਚ ਹੁੰਦੇ ਹਨ, ਜੋ ਬਹੁਤ ਸਾਰੇ ਪਰਿਵਾਰਾਂ ਨੂੰ ਵਿੱਤੀ ਤੌਰ ’ਤੇ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਬੱਚਿਆਂ, ਬਜ਼ੁਰਗਾਂ ਅਤੇ ਸਮਾਜ ’ਤੇ ਪ੍ਰਭਾਵ - ਕੈਂਸਰ ਕੋਈ ਉਮਰ-ਵਿਸ਼ੇਸ਼ ਬਿਮਾਰੀ ਨਹੀਂ ਹੈ, ਇਹ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਕਈ ਵਾਰ, ਇਹ ਬਿਮਾਰੀ ਜਵਾਨ ਜੀਵਨ ਦੀ ਸੰਭਾਵਨਾ ਨੂੰ ਖੋਹ ਲੈਂਦੀ ਹੈ, ਜਾਂ ਜੋ ਬਚ ਜਾਂਦੇ ਹਨ ਉਨ੍ਹਾਂ ਨੂੰ ਆਪਣੀ ਸਾਰੀ ਉਮਰ ਵਿੱਤੀ ਅਤੇ ਮਾਨਸਿਕ ਤੌਰ ’ਤੇ ਸੰਘਰਸ਼ ਕਰਨਾ ਪੈਂਦਾ ਹੈ। ਜੇਕਰ ਇੰਟਰੋਮਿਕਸ ਵਰਗਾ ਟੀਕਾ ਹਰ ਉਮਰ ਸਮੂਹ ਵਿੱਚ ਸਫਲ ਹੁੰਦਾ ਹੈ, ਤਾਂ ਇਹ ਮਨੁੱਖੀ ਵਿਕਾਸ ਵਿੱਚ ਸਭ ਤੋਂ ਵੱਡੇ ਯੋਗਦਾਨਾਂ ਵਿੱਚੋਂ ਇੱਕ ਬਣ ਸਕਦਾ ਹੈ।

ਦੋਸਤੋ, ਜੇਕਰ ਅਸੀਂ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਬਾਰੇ ਗੱਲ ਕਰੀਏ: ਇਤਿਹਾਸ ਵਿੱਚ ਹੋਰ ਕੋਸ਼ਿਸ਼ਾਂ ਅਤੇ ਡਬਲਯੂ ਐਚ ਓ ਡੇਟਾ, ਤਾਂ ਕੁਝ ਦੇਸ਼ਾਂ ਅਤੇ ਸੰਸਥਾਵਾਂ ਨੇ ਪਿਛਲੇ ਸਮੇਂ ਵਿੱਚ ਕੈਂਸਰ ਟੀਕੇ ਵਿਕਸਤ ਕਰਨ ਲਈ ਪਹਿਲ ਕੀਤੀ ਹੈ, ਜਿਵੇਂ ਕਿ ਅਮਰੀਕਾ ਦਾ ਓਨਕੁਫਜ਼ (ਵਿਟਸਪੈਨ) ਟੀਕਾ, ਜਿਸਨੂੰ ਰੂਸ ਦੁਆਰਾ ਵੀ ਮਨਜ਼ੂਰੀ ਦਿੱਤੀ ਗਈ ਸੀ (2008 ਵਿੱਚ ਸ਼ੁਰੂਆਤੀ ਪੜਾਅ ਦੇ ਗੁਰਦੇ ਦੇ ਕੈਂਸਰ ਲਈ)। ਪਰ ਇਸ ਦੇ ਬਾਵਜੂਦ, ਇਹ ਟੀਕਾ ਵਿਸ਼ਵ ਪੱਧਰ ’ਤੇ ਵਪਾਰਕ ਤੌਰ ’ਤੇ ਸਫਲ ਨਹੀਂ ਹੋ ਸਕਿਆ। ਇਸ ਲਈ, ਇੰਟਰੋਮਿਕਸ ਦੀ ਸਫਲਤਾ ਸਿਰਫ਼ ਇੱਕ ਵਿਗਿਆਨਕ ਅਧਿਆਇ ਨਹੀਂ ਹੈ, ਸਗੋਂ ਇੱਕ ਵਿਸ਼ਾਲ ਵਿਸ਼ਵਵਿਆਪੀ ਚੁਣੌਤੀ ਅਤੇ ਸੰਭਾਵਨਾਵਾਂ ਦਾ ਹਿੱਸਾ ਹੋ ਸਕਦੀ ਹੈ। ਜੇਕਰ ਇਹ ਵਿਆਪਕ ਅਜ਼ਮਾਇਸ਼ਾਂ ਅਤੇ ਵਿਸ਼ਵਵਿਆਪੀ ਮਾਨਤਾ ਵਿੱਚ ਸਫਲ ਹੋ ਜਾਂਦਾ ਹੈ, ਤਾਂ ਡਾਕਟਰੀ ਜਗਤ ਦੀਆਂ ਚੁਣੌਤੀਆਂ ਅਤੇ ਇਲਾਜ ਦੇ ਤਰੀਕੇ ਦੋਵੇਂ ਬਦਲ ਸਕਦੇ ਹਨ। ਵਿਸ਼ਵਵਿਆਪੀ ਦ੍ਰਿਸ਼ਟੀਕੋਣ ਤੋਂ, ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਦੁਨੀਆ ਹਰ ਸਾਲ ਲਗਭਗ 20 ਮਿਲੀਅਨ ਨਵੇਂ ਕੈਂਸਰ ਦੇ ਕੇਸਾਂ ਦਾ ਸਾਹਮਣਾ ਕਰਦੀ ਹੈ, ਅਤੇ ਲਗਭਗ 10 ਮਿਲੀਅਨ ਕੈਂਸਰ ਕਾਰਨ ਮਰਦੇ ਹਨ। ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਰੂਸ ਦੀ ਇੱਕ ਵੈਕਸੀਨ ਦੁਆਰਾ ਲਾਇਲਾਜ ਬਿਮਾਰੀ ਕੈਂਸਰ ਨੂੰ ਹਰਾਉਣ ਲਈ ਕ੍ਰਾਂਤੀਕਾਰੀ ਖੋਜ - ਨਵਾਂ ਟੀਕਾ , ਨਵਾਂ ਇਲਾਜ , ਇਨਕਲਾਬੀ ਖੋਜ ਇੰਟਰੋਮਿਕਸ ਕੈਂਸਰ ਟੀਕਾ, ਇੱਕ ਨਵੀਂ ਉਮੀਦ ਇੰਟਰੋਮਿਕਸ ਕੈਂਸਰ ਟੀਕਾ: -ਇਸ ਖੋਜ ਨੂੰ ਗਲੋਬਲ ਖੋਜ ਜਗਤ ਵਿੱਚ ਇੱਕ ਸੰਭਾਵੀ ਗੇਮ-ਚੇਂਜਰ ਮੰਨਿਆ ਜਾ ਰਿਹਾ ਹੈ।

**-ਕੰਪਾਈਲਰ ਲੇਖਕ - ਟੈਕਸ ਮਾਹਿਰ**
**ਕਾਲਮਨਵੀਸ ਸਾਹਿਤਕਾਰ**
**ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ**
**ਸੰਗੀਤ ਮੀਡੀਆ ਸੀਏ (ਏਟੀਸੀ)**
**ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ**
**ਗੋਂਡੀਆ ਮਹਾਰਾਸ਼ਟਰ**

# ਸਿੱਖਿਆ ਦਾ ਵਿਕਲਪ

**ਵਿਜੈ ਗਰਗ**

ਜਦੋਂ ਕਿ ਰਸਮੀ ਸਕੂਲਿੰਗ ਸਭ ਤੋਂ ਆਮ ਰਸਤਾ ਹੈ, ਪਰੰਪਰਾਗਤ ਸਿੱਖਿਆ ਦੇ ਬਹੁਤ ਸਾਰੇ ਵਿਕਲਪ ਹਨ ਜੋ ਵਿਅਕਤੀ ਦੀ ਸਿੱਖਣ ਸ਼ੈਲੀ ਅਤੇ ਟੀਚਿਆਂ 'ਤੇ ਨਿਰਭਰ ਕਰਦੇ ਹੋਏ, ਜੇ ਜ਼ਿਆਦਾ ਨਹੀਂ ਤਾਂ ਪ੍ਰਭਾਵਸ਼ਾਲੀ ਹੋ ਸਕਦੇ ਹਨ। ਇਹ ਵਿਕਲਪ ਅਕਸਰ ਵਿਹਾਰਕ ਅਨੁਭਵ, ਵਿਅਕਤੀਗਤ ਸਿਖਲਾਈ, ਅਤੇ ਇੱਕ ਮਿਆਰੀ ਪਾਠਕ੍ਰਮ ਨਾਲੋਂ ਵਿਹਾਰਕ ਹੁਨਰਾਂ 'ਤੇ ਧਿਆਨ ਕੇਂਦਰਿਤ ਕਰਨ 'ਤੇ ਜ਼ੋਰ ਦਿੰਦੇ ਹਨ।

ਲੋਕ ਬਾਣੀ

ਅਪ੍ਰੈਂਟਿਸਸ਼ਿਪ ਅਤੇ ਕਿੱਤਾਮੁਖੀ ਸਿਖਲਾਈ ਇਹ ਸਿੱਖਿਆ ਦਾ ਇੱਕ ਸਦੀਆਂ ਪੁਰਾਣਾ ਮਾਡਲ ਹੈ ਜੋ ਨੌਕਰੀ ਦੌਰਾਨ ਸਿਖਲਾਈ ਨੂੰ ਕਲਾਸਰੂਮ ਹਦਾਇਤਾਂ ਨਾਲ ਜੋੜਦਾ ਹੈ। ਅਪ੍ਰੈਂਟਿਸਸ਼ਿਪਾਂ ਖਾਸ ਤੌਰ 'ਤੇ ਪਲੰਬਿੰਗ, ਇਲੈਕਟ ?ਰੀਕਲ ਕੰਮ ਅਤੇ ਉਸਾਰੀ ਵਰਗੇ ਹੁਨਰਮੰਦ ਕਿੱਤਿਆਂ ਵਿੱਚ, ਨਾਲ ਹੀ ਤਕਨਾਲੋਜੀ ਅਤੇ ਸਿਹਤ ਸੰਭਾਲ ਵਰਗੇ ਪੇਸ਼ੇਵਰ ਖੇਤਰਾਂ ਵਿੱਚ ਪ੍ਰਸਿੱਧ ਹਨ। ਇਹ ਰਸਤਾ ਵਿਅਕਤੀਆਂ ਨੂੰ ਸਿੱਖਣ ਦੌਰਾਨ ਤਨਖਾਹ ਕਮਾਉਣ ਦੀ ਆਗਿਆ ਦਿੰਦਾ ਹੈ ਅਤੇ ਵਿਦਿਆਰਥੀ ਕਰਜ਼ੇ ਦੇ ਬੋਝ ਤੋਂ ਬਿਨਾਂ ਕਾਰਜਬਲ ਵਿੱਚ ਸਿੱਧਾ ਰਸਤਾ ਪ੍ਰਦਾਨ ਕਰਦਾ ਹੈ। ਕਿੱਤਾਮੁਖੀ ਸਿਖਲਾਈ ਵੀ ਇਸੇ ਤਰ੍ਹਾਂ ਦੀ ਹੈ, ਜੋ ਕੋਰਸਾਂ ਅਤੇ ਵਿਹਾਰਕ ਕੰਮ ਦੁਆਰਾ ਕਿਸੇ ਖਾਸ ਨੌਕਰੀ ਜਾਂ ਵਪਾਰ ਲਈ ਵਿਹਾਰਕ ਹੁਨਰ ਵਿਕਸਤ ਕਰਨ 'ਤੇ ਕੇਂਦ੍ਰਿਤ ਹੈ।

ਸਵੈ-ਨਿਰਦੇਸ਼ਤ ਸਿਖਲਾਈ ਇੰਟਰਨੈੱਟ ਦੇ ਉਭਾਰ ਦੇ ਨਾਲ, ਸਵੈ-ਨਿਰਦੇਸ਼ਿਤ ਸਿੱਖਿਆ ਇੱਕ ਸ਼ਕਤੀਸ਼ਾਲੀ ਵਿਕਲਪ ਬਣ ਗਈ ਹੈ। ਇਹ ਪਹੁੰਚ, ਜੋ ਅਕਸਰ ਸਕੂਲ ਨਾ ਛੱਡਣ ਦੀ ਲਹਿਰ ਵਿੱਚ ਦੇਖੀ ਜਾਂਦੀ ਹੈ, ਸਿੱਖਣ ਵਾਲੇ ਨੂੰ



ਆਪਣੀ ਸਿੱਖਿਆ ਦੇ ਨਿਯੰਤਰਣ ਵਿੱਚ ਰੱਖਦੀ ਹੈ। ਉਹ ਆਪਣੇ ਟੀਚਿਆਂ ਦੀ ਪਛਾਣ ਕਰਦੇ ਹਨ, ਆਪਣੇ ਸਰੋਤਾਂ (ਔਨਲਾਈਨ ਕੋਰਸ, ਕਿਤਾਬਾਂ, ਵੀਡੀਓ, ਸਲਾਹਕਾਰ) ਦੀ ਚੋਣ ਕਰਦੇ ਹਨ, ਅਤੇ ਆਪਣੀ ਗਤੀ ਖੁਦ ਨਿਰਧਾਰਤ ਕਰਦੇ ਹਨ। ਇਹ ਵਿਧੀ ਮਾਲਕੀ ਦੀ ਡੂੰਘੀ ਭਾਵਨਾ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਵਿਅਕਤੀਆਂ ਨੂੰ ਉਹਨਾਂ ਵਿਸ਼ਿਆਂ ਨੂੰ ਅੱਗੇ ਵਧਾਉਣ ਦੀ ਆਗਿਆ ਦੇ ਕੇ ਇੱਕ ਵਿਸ਼ੇ ਦੀ ਵਧੇਰੇ ਡੂੰਘੀ ਸਮਝ ਵੱਲ ਲੈ ਜਾ ਸਕਦੀ ਹੈ ਜਿਨ੍ਹਾਂ ਬਾਰੇ ਉਹ ਸੱਚਮੁੱਚ ਭਾਵੁਕ ਹਨ।

**ਹੋਮਸਕੂਲਿੰਗ ਅਤੇ ਲਰਨਿੰਗ ਪੌਡਸ**

ਹੋਮਸਕੂਲਿੰਗ ਵਿੱਚ ਮਾਪਿਆਂ ਨੂੰ ਸਿੱਖਿਅਕਾਂ ਦੀ ਭੂਮਿਕਾ ਨਿਭਾਉਣੀ ਅਤੇ ਇੱਕ ਪਾਠਕ੍ਰਮ ਨੂੰ ਅਨੁਕੂਲਿਤ ਕਰਨਾ ਸ਼ਾਮਲ ਹੈ ਜੋ ਉਨ੍ਹਾਂ ਦੇ ਬੱਚੇ ਦੀਆਂ ਰੁਚੀਆਂ ਅਤੇ ਸਿੱਖਣ ਸ਼ੈਲੀ ਦੇ ਅਨੁਕੂਲ ਹੋਵੇ। ਇਹ ਇੱਕ ਲਚਕਦਾਰ ਅਤੇ ਸਹਾਇਕ ਵਾਤਾਵਰਣ ਪ੍ਰਦਾਨ ਕਰਦਾ ਹੈ। ਇੱਕ ਹੋਰ ਤਾਜ਼ਾ ਵਿਕਲਪ ਲਰਨਿੰਗ ਪੌਡ ਹੈ, ਜਿੱਥੇ ਵੱਖ-ਵੱਖ ਪਰਿਵਾਰਾਂ ਦੇ ਵਿਦਿਆਰਥੀਆਂ ਦਾ ਇੱਕ ਛੋਟਾ ਸਮੂਹ ਇਕੱਠੇ ਸਿੱਖਣ ਲਈ ਇਕੱਠਾ ਹੁੰਦਾ ਹੈ, ਅਕਸਰ ਇੱਕ ਸਮਰਪਿਤ ਟਿਊਟਰ ਜਾਂ ਮਾਪਿਆਂ ਦੀ ਅਗਵਾਈ ਵਾਲੇ ਪਾਠਕ੍ਰਮ ਨਾਲ। ਇਹ ਹੋਮਸਕੂਲਿੰਗ ਦੇ ਵਿਅਕਤੀਗਤ ਧਿਆਨ ਨੂੰ ਇੱਕ ਰਵਾਇਤੀ ਕਲਾਸਰੂਮ ਦੇ ਸਮਾਜਿਕ ਪਰਸਪਰ ਪ੍ਰਭਾਵ ਨਾਲ ਜੋੜਦਾ ਹੈ। 4. ਅਨੁਭਵੀ ਸਿੱਖਿਆ ਇਹ ਸਿੱਧੇ ਅਨੁਭਵ ਰਾਹੀਂ ਸਿੱਖਣ ਦੀ ਪ੍ਰਕਿਰਿਆ ਹੈ। ਕਿਸੇ ਕਿਤਾਬ ਵਿੱਚ ਕਿਸੇ ਸੰਕਲਪ ਬਾਰੇ ਪੜ੍ਹਨ ਦੀ ਬਜਾਏ, ਤੁਸੀਂ ਇਸਨੂੰ ਕਰਕੇ ਸਿੱਖਦੇ ਹੋ। ਇਹ ਕਈ ਰੂਪ ਲੈ ਸਕਦਾ ਹੈ, ਯਾਤਰਾ ਅਤੇ ਸੱਭਿਆਚਾਰਕ ਇਮਰਸ਼ਨ ਤੋਂ ਲੈ ਕੇ ਇੰਟਰਨਸ਼ਿਪ, ਸਵੈ-ਸੇਵਕ ਕੰਮ, ਜਾਂ ਆਪਣਾ ਕਾਰੋਬਾਰ ਸ਼ੁਰੂ ਕਰਨ ਤੱਕ।



ਅਨੁਭਵੀ ਸਿੱਖਿਆ ਸਮੱਸਿਆ-ਹੱਲ, ਲਚਕੀਲਾਪਣ ਅਤੇ ਅਨੁਕੂਲਤਾ ਵਰਗੇ ਜ਼ਰੂਰੀ ਅਸਲ-ਸੰਸਾਰ ਹੁਨਰਾਂ ਨੂੰ ਇਸ ਤਰੀਕੇ ਨਾਲ ਵਿਕਸਤ ਕਰਦੀ ਹੈ ਜਿਸਨੂੰ ਕਲਾਸਰੂਮ ਵਿੱਚ ਦੁਹਰਾਉਣਾ ਮੁਸ਼ਕਲ ਹੁੰਦਾ ਹੈ। ਅੰਤ ਵਿੱਚ, ਸਿੱਖਿਆ ਦਾ ਸਭ ਤੋਂ ਵਧੀਆ ਰਸਤਾ ਵੱਖ-ਵੱਖ ਪਹੁੰਚਾਂ ਦਾ ਮਿਸ਼ਰਣ ਹੈ। ਜਦੋਂ ਕਿ ਰਸਮੀ ਸਕੂਲਿੰਗ ਇੱਕ ਢਾਂਚਾਗਤ ਨੀਂਹ ਪ੍ਰਦਾਨ ਕਰਦੀ ਹੈ, ਸਵੈ-ਨਿਰਦੇਸ਼ਿਤ, ਅਨੁਭਵੀ, ਅਤੇ ਕਿੱਤਾਮੁਖੀ ਸਿੱਖਿਆ ਦੇ ਤੱਤਾਂ ਨੂੰ ਸ਼ਾਮਲ ਕਰਨ ਨਾਲ ਆਧੁਨਿਕ ਸੰਸਾਰ ਲਈ ਇੱਕ ਵਧੇਰੇ ਸੁਚੱਜੇ, ਅਨੁਕੂਲ ਅਤੇ ਸੰਬੰਧਿਤ ਹੁਨਰ ਸੈੱਟ ਹੋ ਸਕਦਾ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਉੱਘੇ**
**ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ**
**ਐਮ.ਐਚ.ਆਰ. ਮਲੋਟ ਪੰਜਾਬ**

